ਪੰਥਕ

ਸੰਪ੍ਰਦਾਈ ਗੁਰਬਾਣੀ ਉੱਚਾਰਣ ਬੋਧ

(ਕਲਗੀਧਰ ਜੀ ਤੋਂ ਚਲੇ ਆ ਰਹੇ ਸੀਨੇ ਬਸੀਨੇ ਗੁਰਬਾਣੀ ਉੱਚਾਰਣਾ ਦਾ ਸੰਗ੍ਰਹਿ)

(ਭਾਗ ਪਹਿਲਾ)





ਸਿੰਘ ਸਾਹਿਬ ਜਥੇਦਾਰ
ਬਾਬਾ ਦੀਪ ਸਿੰਘ ਜੀ ਸ਼ਹੀਦ



ਸਿੰਘ ਸਾਹਿਬ ਜਥੇਦਾਰ
ਬਾਬਾ ਨੌਧ ਸਿੰਘ ਜੀ ਸ਼ਹੀਦ

ਲੇਖਕ :

ਗਿਆਨੀ ਗੁਰਵਿੰਦਰ ਸਿੰਘ ਨੰਗਲੀ

ਸੰਪਾਦਕ :

ਗਿਆਨੀ ਮਹਿਤਾਬ ਸਿੰਘ ਭੰਬੋਈ
ਗਿਆਨੀ ਤਰਲੋਚਨ ਸਿੰਘ ਮਹੰਤ ਜੀ

ਪ੍ਰਕਾਸ਼ਕ :

ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ
ਮੌਜੂਦਾ ੧੫ਵੇਂ ਜਥੇਦਾਰ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ
ਸ੍ਰੀ ਬਾਬਾ ਬਕਾਲਾ ਸਾਹਿਬ

ਪੰਥਕ

ਸੰਪ੍ਰਦਾਈ ਗੁਰਬਾਣੀ ਉੱਚਾਰਣ ਬੋਧ

(ਭਾਗ ਪਹਿਲਾ)

ਲੇਖਕ :
ਗਿਆਨੀ ਗੁਰਵਿੰਦਰ ਸਿੰਘ ਨੰਗਲੀ
ਉਸਤਾਦ ਗੁਰਮਤਿ ਵਿਦਿਆਲਾ ਚੱਬਾ, ਨੰਗਲੀ,
ਮੀਰੀ ਪੀਰੀ ਅਕੈਡਮੀ ਛੇਹਰਟਾ

ਲਿਖਾਰੀ :
ਗਿਆਨੀ ਗਗਨਦੀਪ ਸਿੰਘ
ਵਿਦਿਆਰਥੀ ਗੁਰਮਤਿ ਵਿਦਿਆਲਾ ਭੰਬੋਈ

ਸੰਪਾਦਕ :
ਗਿਆਨੀ ਮਹਿਤਾਬ ਸਿੰਘ ਭੰਬੋਈ
ਉਸਤਾਦ ਗੁਰਮਤਿ ਵਿਦਿਆਲਾ ਭੰਬੋਈ
ਗਿਆਨੀ ਤਰਲੋਚਨ ਸਿੰਘ ਮਹੰਤ ਜੀ
ਹੈੱਡ ਗ੍ਰੰਥੀ ਸ੍ਰੀ ਮਿਸਲ ਸ਼ਹੀਦਾਂ ਤਰਨਾਦਲ,
ਸ੍ਰੀ ਬਾਬਾ ਬਕਾਲਾ ਸਾਹਿਬ

ਪ੍ਰਕਾਸ਼ਕ :
ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ
੧੫ਵੇਂ ਜਥੇਦਾਰ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ
ਸ੍ਰੀ ਬਾਬਾ ਬਕਾਲਾ ਸਾਹਿਬ।

ਸਮਰਪਿਤ

ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਦੇ

੩੫੦ਵੇਂ ਪ੍ਰਕਾਸ਼ ਦਿਹਾੜੇ ਦੀ ਸੰਪੂਰਨਤਾ ਦਿਵਸ

ਅਤੇ

ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ

੧੪ਵੇਂ ਜਥੇਦਾਰ ਸੱਚਖੰਡਵਾਸੀ ਸਿੰਘ ਸਾਹਿਬ

ਜਥੇਦਾਰ ਬਾਬਾ ਮੱਖਣ ਸਿੰਘ ਜੀ ਦੀ ਪਹਿਲੀ ਬਰਸੀ ਸਮਾਗਮ ਨੂੰ

ਤਤਕਰਾ

ਹੱਥਲੀ ਪੋਥੀ ਨੂੰ ਪੜ੍ਹਣ ਪੜ੍ਹਾਉਣ ਦੀਆਂ ਹਦਾਇਤਾਂ

ਇਸ ਹੱਥਲੀ ਪੁਸਤਕ ਵਿਚ ਗੁਰਮੁਖੀ ਲਿੱਪੀ ਅਤੇ ਕਲਗੀਧਰ ਜੀ ਤੋਂ ਚਲੇ ਆ ਰਹੇ ਗੁਰਬਾਣੀ ਦੇ ਸੰਪ੍ਰਦਾਈ ਉਚਾਰਣਾਂ ਨੂੰ ਹਰੇਕ ਪੱਖ ਤੋਂ ਨਿਖਾਰ ਕੇ ਲਿਖਣ ਦਾ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ ਤਾਂ ਜੋ ਪਾਠਕ! ਗੁਰਮੁਖੀ ਲਿੱਪੀ ਅਤੇ ਗੁਰਬਾਣੀ ਉਚਾਰਣਾ ਬਾਰੇ ਪੂਰਾ ਲਾਭ ਉਠਾ ਸਕਣ।

ਗੁਰਬਾਣੀ ਪੜ੍ਹਾਉਣ ਵਾਲੇ ਉਸਤਾਦ-ਜਨ ਸਭ ਤੋਂ ਪਹਿਲਾ ਇਸ ਪੋਥੀ ਨੂੰ ਦੋ-ਤਿੰਨ ਵਾਰ ਆਪ ਪੜ੍ਹ ਕੇ, ਸੰਪ੍ਰਦਾਈ ਗੁਰਬਾਣੀ ਉਚਾਰਣਾ ਦੇ ਬਾਰੇ ਆਪ ਚੰਗੀ ਤਰ੍ਹਾਂ ਜਾਣਕਾਰੀ ਪ੍ਰਾਪਤ ਕਰ ਲੈਣ ਅਤੇ ਫਿਰ ਜਿਹੜਾ ਵੀ ਗੁਰਬਾਣੀ ਲਿਖਣ ਆਵੇ, ਭਾਵੇਂ ਉਹ ਬਾਲਕ, ਨੌਜਵਾਨ ਜਾਂ ਬਜ਼ੁਰਗ ਕਿਉਂ ਨ ਹੋਵੇ, ਉਸਨੂੰ ਗੁਰਮੁਖੀ ਵਰਣਮਾਲਾ, ਸਕੰਧ ਪਹਿਲਾ, ਤੀਜਾ, ਚੌਥਾ, ਪੰਜਵਾਂ ਕ੍ਰਮਵਾਰ ਇੱਕੀ ਤੱਕ ਪੜ੍ਹਾਏ ਜਾਣ, ਆਖ਼ਿਰ ਪੱਚੀਵਾਂ ਸਕੰਧ ਪੜ੍ਹਾਇਆ ਜਾਵੇ।

ਗੁਰਮੁਖੀ ਲਿੱਪੀ ਦੇ ਅਭਿਆਸ ਅਤੇ ਆਮ, ਇਤਿਹਾਸਿਕ ਮੁੱਢਲੀ ਜਾਣਕਾਰੀ ਲਈ ਵਿਦਿਆਰਥੀਆਂ ਨੂੰ "ਇਕੋਤ੍ਰੀ ਸੰਪੂਰਨ ਪ੍ਰਸ਼ਨੋਤ੍ਰੀ" ਵਿਚ ਦਰਜ "ਨਿਹੰਗ ਸਿੰਘਾਂ ਬਾਰੇ ਕੁਝ ਖ਼ਾਸ ਜਾਣਕਾਰੀ" ਅਤੇ "ਪੁਰਾਤਨ ਨਿਹੰਗ ਸਿੰਘਾਂ ਦੇ ਬੋਲੇ" ਜ਼ਰੂਰ ਪੜ੍ਹਾਏ ਜਾਣ।

ਗੁਰਬਾਣੀ ਵਿੱਚ ਦਰਜ ਗੁਰਮੁਖੀ ਅੰਕਾਂ (੧,੨,੩ ਆਦਿਕ) ਦੇ ਅਭਿਆਸ ਵਾਸਤੇ ਮੁੱਢਲੇ ਵਿਦਿਆਰਥੀਆਂ ਨੂੰ ਇਸ ਪੋਥੀ ਦੇ ਅਖ਼ੀਰ ਤੇ ਲਿਖੇ "ਗੁਰਬਾਣੀ ਵਿੱਚ ਵਰਤੇ ਗਏ ਗਿਣਤੀ ਦੇ ਅੰਕ" ਅਤੇ "ਜੀਵਨ ਬਿਉਰੇ" ਜ਼ਰੂਰ ਪੜ੍ਹਾਉ।

ਫਿਰ ਜਦ ਗੁਟਕੇ ਸਾਹਿਬ ਦੀ ਸੰਥਿਆ ਹੋ ਜਾਵੇ ਤਾਂ ਵਿਦਿਆਰਥੀਆਂ ਨੂੰ ਸਕੰਧ ਸੋਲਵੇਂ ਚੋਂ ਟਿੱਪੀ ਦੇ ਉਚਾਰਣ ਬਾਰੇ ਵਿਸ਼ੇਸ਼ ਜਾਣਕਾਰੀ, ਸਕੰਧ ਅਠਾਰਵੇਂ ਚੋਂ ਪੈਰ-ਬਿੰਦੀ ਦੇ ਉਚਾਰਣ ਅਤੇ ਵਰਤੋਂ ਬਾਰੇ ਜਾਣਕਾਰੀ, ਸਕੰਧ ਵੀਹਵੇਂ ਚੋਂ ਪੈਰ-ਅੱਖਰਾਂ ਦੀ ਖ਼ਾਸ ਜਾਣਕਾਰੀ, ਇੱਕੀਵੇਂ ਸਕੰਧ ਚੋਂ ਹਲੰਤ ਬਾਰੇ ਅਤੇ ਬਾਈਵੇਂ ਸਕੰਧ ਚੋਂ "ਤ੍ਰ" ਦੇ ਉਚਾਰਣ ਬਾਰੇ ਪੜ੍ਹਾਇਆ ਜਾਵੇ।

ਪੰਜਗ੍ਰੰਥੀ ਦੀ ਸੰਥਿਆ ਬਾਅਦ ਫਿਰ ਜਦ ਦਸਗ੍ਰੰਥੀ ਦੀ ਸੰਥਿਆ ਸ਼ੁਰੂ ਹੋਵੇ ਤਾਂ

ਫਿਰ ਉਸਤਾਦ-ਜਨ ਵਿਦਿਆਰਥੀ-ਸਿੰਘਾਂ ਨੂੰ ਦੂਸਰਾ ਸਕੰਧ ਚੋਂ ਯੱਈਆਂ ਦੇ ਉਚਾਰਣ ਦੀ ਖ਼ਾਸ ਮਿਹਨਤ ਅਤੇ ਚੌਵੀਵਾਂ ਸਕੰਧ ਪੜ੍ਹਾਉਣ।

ਖ਼ਾਸ ਕਰਕੇ ਨਵੇਂ ਵਿਦਿਆਰਥੀਆਂ ਨੂੰ ਗੁਰਮੁਖੀ ਵਰਣਮਾਲਾ ਅਤੇ ਅੱਖਰਾਂ ਦਾ ਜੋੜ ਆਦਿਕ ਹੀ ਪੜ੍ਹਾਇਆ ਜਾਵੇ ਅਤੇ ਫਿਰ ਕ੍ਰਮ ਅਨੁਸਾਰ ਵੱਖ-ਵੱਖ ਸਕੰਧਾਂ 'ਚ ਦਰਜ "ਵਿਸ਼ੇਸ਼ ਨੋਟ" ਪੜ੍ਹਾਏ ਜਾਣ, ਤਾਂ ਕਿ ਨਵੇਂ ਵਿਦਿਆਰਥੀ ਉਲਝਣ ਵਿਚ ਨਾ ਪਵੇ।

ਕ੍ਰਮ ਅਨੁਸਾਰ ਪੜ੍ਹਾਉਣ ਤੇ ਇਹ ਪੋਥੀ ਹਰੇਕ ਦੀ ਸਮਝ ਵਿਚ ਆ ਜਾਵੇਗੀ ਅਤੇ ਆਮ-ਵਿਦਿਆਰਥੀ ਵੀ ਗੁਰਬਾਣੀ-ਉੱਚਾਰਣਾ ਵਿੱਚ ਪੂਰੀ ਮੁਹਾਰਤ ਪ੍ਰਾਪਤ ਕਰ ਲੈਣਗੇ ਕਲਗੀਧਰ ਜੀ ਨੇ ਇਹ ਵੱਡਾ ਕਾਰਜ ਦਾਸ ਦੇ ਸਿਰ ਉੱਪਰ ਮਿਹਰ ਭਰਿਆ ਹੱਥ ਰਖਵਾ ਕੇ ਆਪ ਹੀ ਕਰਵਾਇਆ ਹੈ ਅਤੇ ਮੈਂ ਅਖ਼ੀਰ ਏਹੀ ਅਰਦਾਸ ਕਰਾਂਗਾ ਕਿ ਕਲਗੀਧਰ ਜੀ ! ਆਪ ਹਰੇਕ ਇਸ ਪੋਥੀ ਪੜ੍ਹਨ ਵਾਲੇ ਵਿਦਿਆਰਥੀ ਨੂੰ ਗੁਰਬਾਣੀ ਉੱਚਾਰਣ ਬੋਧ ਅਤੇ ਵੱਧ ਤੋਂ ਵੱਧ ਵਿੱਦਿਆ ਬਖ਼ਸ਼ ਕੇ ਨਿਹਾਲ ਕ੍ਰਿਤਾਰਥ ਕਰੋ।

ਦਾਸ (ਲੇਖਕ)
ਗਿ: ਗੁਰਵਿੰਦਰ ਸਿੰਘ ਨੰਗਲੀ
ਉਸਤਾਦ ਗੁਰਮਤਿ ਵਿਦਿਆਲਾ ਚੱਬਾ, ਨੰਗਲੀ

ਗੁਰਮੁਖੀ ਵਰਣਮਾਲਾ

ੳ	ਅ	ੲ	ਸ	ਹ
ਕ	ਖ	ਗ	ਘ	ਙ
ਚ	ਛ	ਜ	ਝ	ਞ
ਟ	ਠ	ਡ	ਢ	ਣ
ਤ	ਥ	ਦ	ਧ	ਨ
ਪ	ਫ	ਬ	ਭ	ਮ
ਯ	ਰ	ਲ	ਵ	ੜ
ੳ਼	ਅ਼	ੲ਼	ਸ਼	ਹ਼
ਕ਼	ਖ਼	ਗ਼	ਜ਼	ੜ਼
	ਫ਼		ਲ਼	

ਵਿਸ਼ੇਸ਼ ਨੋਟ:- ਊੜੇ ਤੋਂ ਲੈ ਕੇ ੜਾੜੇ ਤੱਕ ਇਹ ੩੫ ਅੱਖਰ (ਵਰਣ) ਗੁਰੂ ਨਾਨਕ ਦੇਵ ਜੀ ਨੇ ਆਪ ਰਚੇ ਹਨ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਇਨ੍ਹਾਂ ੩੫ ਅੱਖਰਾਂ ਦੀ ਵਰਤੋਂ ਹੋਈ ਹੈ। ਊ਼ੜੇ ਬਿੰਦੀ ਤੋਂ ਲੈ ਕੇ ਫ਼ਫ਼ੇ ਬਿੰਦੀ ਤੱਕ ਇਹ ਪੈਰ ਬਿੰਦੀ ਵਾਲੇ ਅੱਖਰ ਲਗਭਗ ਕਲਗੀਧਰ ਜੀ ਦੇ ਸਮੇਂ ਹੋਂਦ ਵਿੱਚ ਆਏ ਜਾਪਦੇ ਹਨ। ਜਿਨ੍ਹਾਂ ਦਾ ਉਪਯੋਗ

ਫ਼ਾਰਸੀ ਦੀਆਂ ਖ਼ਾਸ ਰਚਨਾਵਾਂ ਜ਼ਫ਼ਰਨਾਮਹ, ਭਾਈ ਨੰਦਲਾਲ ਜੀ ਦੀ ਬਾਣੀ ਵਿੱਚ ਹੋਯਾ ਮਿਲਦਾ ਹੈ। ਇਸ ਦਾ ਸਬੂਤ ਬਾਬਾ ਦੀਪ ਸਿੰਘ ਜੀ ਦਾ ਹੱਥਲਿਖਤ ਜ਼ਫ਼ਰਨਾਮਹ ਹੈ। ਜਿਸ ਦਾ ਰਚਨਾ-ਕਾਲ, ਭਾਸ਼ਾ-ਵਿਗਿਆਨੀ ਲਿਖਤ ਦੇਖਣ ਦੇ ਹਿਸਾਬ ਨਾਲ ੧੭੦੦ ਤੋਂ ਲੈ ੧੭੩੦ ਈ: ਤੱਕ ਦਾ ਦੱਸਦੇ ਹਨ। ਇਹ ਦਸਮ ਗੁਰਬਾਣੀ ਦੀ ਬੀੜ ਪਟਨੇ ਸਾਹਿਬ ਤਖ਼ਤ ਸ੍ਰੀ ਹਰਿਮੰਦਰ ਜੀ ਵਿਖੇ ਮੌਜੂਦ ਹੈ। ਭਾਈ ਮਨੀ ਸਿੰਘ ਜੀ ਨੇ ਜੋ ਦਸਮ ਗੁਰਬਾਣੀ ਦੀ ਬੀੜ ੧੭੧੩ ਈ: ਚ' ਲਿਖੀ, ਉਸ ਬੀੜ ਚ' ਜ਼ਫ਼ਰਨਾਮਹ ਸ਼ਾਹਮੁਖੀ ਚ' ਹੈ। ਇਸ ਤੋਂ ਅੰਦਾਜ਼ਾ ਲਗਦਾ ਹੈ ਕਿ ਬਾਬਾ ਦੀਪ ਸਿੰਘ ਜੀ ਨੇ ੧੭੧੩ ਈ: ਤੋਂ ਬਾਅਦ ਦਸਮ ਗੁਰਬਾਣੀ ਦੀ ਜੋ ਬੀੜ ਲਿਖੀ ਉਸ ਬੀੜ ਚ' ਜ਼ਫ਼ਰਨਾਮਹ ਗੁਰਮੁਖੀ ਲਿੱਪੀ ਚ' ਲਿਖਿਆ ਗਿਆ ਅਤੇ ਅੱਖਰਾਂ ਦੇ ਪੈਰਾਂ ਚ' ਨੁਕਤੇ (ਬਿੰਦੀਆਂ) ਵੀ ਲਗਾਏ ਗਏ। ਜਿਨ੍ਹਾਂ ਦੀ ਵਰਤੋਂ ਦਾ ਰੂਪ ਕ਼, ਖ਼, ਗ਼, ਫ਼, ਅ਼, ਜ਼, ੜ਼, ਆਦਿਕ ਅਜਿਹਾ ਮਿਲਦਾ ਹੈ। ਲ਼ਲ਼ੇ ਪੈਰ ਬਿੰਦੀ ਦਾ ਉਪਯੋਗ ਆਮ ਪੰਜਾਬੀ ਵਿੱਚ ਹੁੰਦਾ ਹੈ।

ਗੁਰਬਾਣੀ ਦੇ ਅਰਥ-ਬੋਧ ਨੂੰ ਸਿਖਾਉਣ ਵਾਲੀਆਂ ਪੰਥਕ ਸੰਪ੍ਦਾਵਾਂ ਵਿੱਚ ਆਦਿ, ਦਸਮ, ਸਰਬਲੋਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀ ਰਚਨਾ ਅਤੇ ਇਤਿਹਾਸਿਕ ਗ੍ਰੰਥਾਂ ਦੇ ਉੱਚਾਰਣ ਸਮੇਂ ਪੈਰ ਬਿੰਦੀਆਂ ਦਾ ਉਪਯੋਗ ਨਹੀਂ ਕੀਤਾ ਜਾਂਦਾ ਹੈ। ਪ੍ਰੰਤੂ ਫ਼ਾਰਸੀ ਦੀਆਂ ਨਿਰੋਲ ਮੂਲ ਰਚਨਾਵਾਂ ਜ਼ਫ਼ਰਨਾਮਹ, ਭਾਈ ਨੰਦ ਲਾਲ ਜੀ ਦੀ ਬਾਣੀ, ਰੇਖ਼ਤਾ ਆਦਿਕ ਨੂੰ ਗੁਰਮੁਖੀ ਭਾਸ਼ਾ ਚ' ਲਿਖਣ ਅਤੇ ਬੋਲਣ ਸਮੇਂ ਏਨ੍ਹਾਂ ਪੈਰ-ਬਿੰਦੀਆਂ ਦਾ ਉਪਯੋਗ ਬਿਲਕੁਲ ਕੀਤਾ ਜਾਂਦਾ ਹੈ। ਜੋ ਯੋਗ ਭੀ ਹੈ।

ਸਕੰਧ ਪਹਿਲਾ

ਗੁਰਮੁਖੀ ਵਰਣਮਾਲਾ ਨੂੰ ਬੋਲਣ ਦਾ ਢੰਗ

ਪਹਿਲਾ ਵਰਗ	ੳ-ਊੜਾ	ਅ-ਐੜਾ	ੲ-ਈੜੀ	ਸ-ਸੱਸਾ	ਹ-ਹਾਹਾ
ਕਵਰਗ	ਕ-ਕੱਕਾ	ਖ-ਖੱਖਾ	ਗ-ਗੱਗਾ	ਘ-ਘੱਘਾ	ਙ-ਙੰਙਾ
ਚਵਰਗ	ਚ-ਚੱਚਾ	ਛ-ਛੱਛਾ	ਜ-ਜੱਜਾ	ਝ-ਝੱਝਾ	ਞ-ਞੰਞਾ
ਟਵਰਗ	ਟ-ਟੈਂਕਾ	ਠ-ਠੱਠਾ	ਡ-ਡੱਡਾ	ਢ-ਢੱਢਾ	ਣ-ਣਾਣਾ
ਤਵਰਗ	ਤ-ਤੱਤਾ	ਥ-ਥੱਥਾ	ਦ-ਦੱਦਾ	ਧ-ਧੱਧਾ	ਨ-ਨੰਨਾ
ਪਵਰਗ	ਪ-ਪੱਪਾ	ਫ-ਫੱਫਾ	ਬ-ਬੱਬਾ	ਭ-ਭੱਭਾ	ਮ-ਮੰਮਾ
ਆਖ਼ਿਰੀ ਵਰਗ	ਯ-ਯੱਈਆ	ਰ-ਰਾਰਾ	ਲ-ਲੱਲਾ	ਵ-ਵਾਵਾ	ੜ-ੜਾੜਾ
ਵਿਸ਼ੇਸ ਵਰਗ	ੳ਼-ਊ਼ੜਾ	ਅ਼-ਐ਼ੜਾ	ੲ਼-ਈ਼ੜੀ	ਸ਼-ਸ਼ਸ਼ਾ	ਹ਼-ਹ਼ਾਹ਼ਾ
	ਕ਼-ਕ਼ੱਕ਼ਾ	ਖ਼-ਖ਼ੱਖ਼ਾ	ਗ਼-ਗ਼ੱਗ਼ਾ	ਜ਼-ਜ਼ੱਜ਼ਾ	ੜ਼-ੜ਼ੱੜ਼ਾ
		ਫ਼-ਫ਼ੱਫ਼ਾ	ਲ਼-ਲ਼ਲ਼ਾ		

ਵਿਸ਼ੇਸ਼ ਵਿਸਥਾਰ:- ਗੁਰਮੁਖੀ ਲਿੱਪੀ ਦੇ ਪੈਂਤੀ ਅੱਖਰਾਂ ਨੂੰ ਸੱਤਾਂ ਹਿੱਸਿਆਂ ਚ' ਵੰਡਿਆ ਜਾਂਦਾ ਹੈ। ਜਿੰਨਾਂ ਵਿੱਚ ਪੰਜ ਹਿੱਸੇ ਕਵਰਗ, ਚਵਰਗ, ਟਵਰਗ, ਤਵਰਗ, ਪਵਰਗ ਅਤੇ ਦੋ ਹਿੱਸੇ ਪਹਿਲਾ ਅਤੇ ਆਖ਼ਿਰੀ ਵਰਗ ਅਖਵਾਂਉਦੇ ਹਨ। ਪੈਂਤੀ ਅੱਖਰਾਂ ਤੋਂ ਬਾਅਦ ਫ਼ਾਰਸੀ ਅਤੇ ਅ਼ਰਬੀ ਭਾਸ਼ਾ ਦੇ ਵਿਸ਼ੇਸ਼ ਅੱਖਰਾਂ (ਧੁਨੀਆਂ) ਦੇ ਹਿੱਸੇ ਨੂੰ ਵਿਸ਼ੇਸ਼ ਵਰਗ ਕਹਿੰਦੇ ਹਨ। ਕਵਰਗ ਹਿੱਸੇ ਚ' ਆਉਣ ਵਾਲੇ ਕ ਤੋਂ ਲੈ ਕੇ ਙ ਅੱਖਰ ਤੱਕ ਪੰਜ ਅੱਖਰਾਂ ਨੂੰ ਸੁਵਰਨੀ ਅੱਖਰ ਕਹਿੰਦੇ ਹਨ। ਏਸੇ ਤਰ੍ਹਾਂ ਚਵਰਗ, ਟਵਰਗ, ਤਵਰਗ, ਪਵਰਗ ਦੇ ਕ੍ਰਮਵਾਰ ਪੰਜ-ਪੰਜ ਅੱਖਰ ਸੁਵਰਨੀ ਅੱਖਰ ਕਹੇ ਜਾਂਦੇ ਹਨ।

ਸੁਵਰਨੀ ਅੱਖਰ ਦਾ ਅਰਥ ਹੈ ਕਿ ਮੂੰਹ ਦੇ ਜਿਸ ਹਿੱਸੇ ਤੋਂ ਕਿਸੇ ਵਰਗ ਦੇ ਪਹਿਲੇ ਅੱਖਰ ਦੀ ਅਵਾਜ਼ ਆਉਂਦੀ ਹੈ, ਉਸ ਵਰਗ ਦੇ ਬਾਕੀ ਚਾਰ ਅੱਖਰਾਂ ਦੀ ਅਵਾਜ਼ ਭੀ ਉੱਥੋਂ ਹੀ ਆਉਂਦੀ ਹੈ। ਉਦਾਹਰਣ ਤੌਰ ਤੇ ਕਵਰਗ ਦੇ ਪਹਿਲੇ ਅੱਖਰ ਕੱਕੇ ਦੀ ਅਵਾਜ਼ ਗਲ਼ੇ ਤੋਂ ਆਉਂਦੀ ਹੈ ਤਾਂ ਬਾਕੀ ਖ,ਗ,ਘ,ਙ, ਦੀ ਅਵਾਜ਼ ਭੀ ਗਲੇ ਤੋਂ ਹੀ ਆਉਂਦੀ ਹੈ। ਇਸ ਲਈ ਕ,ਖ,ਗ,ਘ,ਙ ਇਹ ਪੰਜ ਅੱਖਰ ਸੁਵਰਨੀ ਅੱਖਰ ਹਨ। ਕਵਰਗ ਦੇ ਵਾਂਗ ਐੜੇ, ਹਾਹੇ ਦੀ ਅਵਾਜ਼ ਵੀ ਗਲ਼ੇ ਚੋਂ ਹੀ ਆਉਂਦੀ ਹੈ। ਇੰਜ ਅ, ਹ ਦੀ ਵੀ ਕਵਰਗ ਦੇ ਨਾਲ

ਹੀ ਸੁਵਰਨ-ਸੰਗਿਆ ਹੈ।

ਇਵੇਂ ਹੀ ਚਵਰਗ ਦੇ ਪਹਿਲੇ ਅੱਖਰ ਚੱਚੇ ਦੇ ਉੱਚਾਰਣ ਸਮੇਂ ਜ਼ਬਾਨ ਉਪਰਲੇ ਦੰਦਾਂ ਤੋਂ ਥੋੜੀ ਪਿੱਛੇ ਤਾਲੂ ਨਾਲ ਚੰਗੀ ਤਰ੍ਹਾਂ ਲੱਗਦੀ ਹੈ ਅਤੇ ਛ,ਜ,ਝ,ਞ ਦੇ ਉੱਚਾਰਣ ਸਮੇਂ ਵੀ ਜ਼ਬਾਨ ਉਪਰਲੇ ਦੰਦਾਂ ਤੋਂ ਥੋੜੀ ਪਿੱਛੇ ਤਾਲੂ ਨਾਲ ਹੀ ਲੱਗਦੀ ਹੈ। ਇਸ ਤਰ੍ਹਾਂ ਚ,ਛ,ਜ,ਝ,ਞ ਵੀ ਸੁਵਰਨੀ ਅੱਖਰ ਹਨ। ਚਵਰਗ ਦੇ ਵਾਂਗ ੲ, ਯ, ਸ਼, ਦੀ ਅਵਾਜ਼ ਵੀ ਜ਼ਬਾਨ ਦੇ ਉਪਰਲੇ ਦੰਦਾਂ ਤੋਂ ਥੋੜੀ ਪਿੱਛੇ ਤਾਲੂ ਨਾਲ ਲਗਣ ਸਮੇਂ ਹੀ ਆਉਂਦੀ ਹੈ। ਇੰਜ ਅ, ਹ ਦੀ ਵੀ ਚਵਰਗ ਦੇ ਨਾਲ ਹੀ ਸੁਵਰਨ-ਸੰਗਿਆ ਹੈ।

ਟਵਰਗ ਦੇ ਪਹਿਲੇ ਅੱਖਰ ਟੈਂਕੇ ਦੇ ਉੱਚਾਰਣ ਸਮੇਂ ਜ਼ਬਾਨ ਤਾਲੂ ਦੇ ਟੋਏ ਦੇ ਕੰਢੇ ਨਾਲ ਲਗਦੀ ਹੈ ਅਤੇ ਠ,ਡ,ਢ,ਣ ਦੇ ਉੱਚਾਰਣ ਸਮੇਂ ਵੀ ਜ਼ਬਾਨ ਤਾਲੂ ਦੇ ਟੋਏ ਦੇ ਕੰਢੇ ਨਾਲ ਹੀ ਲਗਦੀ ਹੈ। ਇਸ ਤਰ੍ਹਾਂ ਟ,ਠ,ਡ,ਢ,ਣ ਵੀ ਸੁਵਰਨੀ ਅੱਖਰ ਹਨ। ਟਵਰਗ ਦੇ ਵਾਂਗ ਰ, ਸ਼, ਦੀ ਅਵਾਜ਼ ਵੀ ਜ਼ਬਾਨ ਤਾਲੂ ਦੇ ਟੋਏ ਦੇ ਕੰਢੇ ਲਗਣ ਨਾਲ ਤੇ ਹੀ ਆਉਂਦੀ ਹੈ। ਇੰਜ ਅ, ਹ ਦੀ ਵੀ ਟਵਰਗ ਦੇ ਨਾਲ ਹੀ ਸੁਵਰਨ-ਸੰਗਿਆ ਹੈ।

ਤਵਰਗ ਦੇ ਪਹਿਲੇ ਅੱਖਰ ਤੱਤੇ ਦੇ ਉੱਚਾਰਣ ਸਮੇਂ ਜ਼ਬਾਨ ਉੱਪਰਲੇ ਦੰਦਾਂ ਦੇ ਪੀੜ ਅਥਵਾ ਬੁੱਟਾਂ ਨਾਲ ਲੱਗਦੀ ਹੈ ਅਤੇ ਥ,ਦ,ਧ,ਨ ਦੇ ਉੱਚਾਰਣ ਸਮੇਂ ਵੀ ਜ਼ਬਾਨ ਉੱਪਰਲੇ ਦੰਦਾਂ ਦੇ ਪੀੜ ਅਥਵਾ ਬੁੱਟਾਂ ਨਾਲ ਹੀ ਲੱਗਦੀ ਹੈ ਇਸ ਤਰ੍ਹਾਂ ਤ,ਥ,ਦ,ਧ,ਨ ਵੀ ਸੁਵਰਨੀ ਅੱਖਰ ਹਨ। ਤਵਰਗ ਦੇ ਵਾਂਗ ਲ, ਸ ਦੀ ਅਵਾਜ਼ ਵੀ ਜ਼ਬਾਨ ਦੇ ਉੱਪਰਲੇ ਦੰਦਾਂ ਦੇ ਪੀੜ ਅਥਵਾ ਬੁੱਟਾਂ ਦੇ ਨਾਲ ਲਗਣ ਸਮੇਂ ਹੀ ਆਉਂਦੀ ਹੈ। ਇੰਜ ਅ, ਹ ਦੀ ਵੀ ਚਵਰਗ ਦੇ ਨਾਲ ਹੀ ਸੁਵਰਨ-ਸੰਗਿਆ ਹੈ।

ਪਵਰਗ ਦੇ ਪਹਿਲੇ ਅੱਖਰ ਪੱਪੇ ਦਾ ਉੱਚਾਰਣ ਦੋਨੋਂ ਬੁੱਲ੍ਹ ਜੋੜ ਕੇ ਹੁੰਦਾ ਹੈ ਅਤੇ ਫ,ਬ,ਭ,ਮ ਦੇ ਉੱਚਾਰਣ ਸਮੇਂ ਵੀ ਦੋਨੋਂ ਬੁੱਲ੍ਹ ਜੁੜਦੇ ਹਨ। ਇਸ ਤਰ੍ਹਾਂ ਪ,ਫ,ਬ,ਭ,ਮ ਵੀ ਸੁਵਰਨੀ ਅੱਖਰ ਹਨ।

ਕਈ ਸਿੱਖ-ਸੰਪ੍ਰਦਾਵਾਂ ਦੇ ਵਿਦਵਾਨ ਸੰਸਕ੍ਰਿਤ, ਹਿੰਦੀ ਭਾਸ਼ਾ ਦੇ भ (ਭ), घ (ਘ), ध (ਧ), झ (ਝ), ढ (ਢ) ਦਾ ਯੋਗ-ਉੱਚਾਰਣ ਗੁਰਮੁਖੀ ਲਿੱਪੀ ਵਿੱਚ ਸਿਖਾਉਣ ਵੇਲੇ ਬ+ਭ=भ, ਗ+ਘ=घ, ਦ+ਧ=ध, ਜ+ਝ=झ, ਡ+ਢ=ढ, ਅੱਖਰਾਂ ਨੂੰ ਸੰਯੁਕਤ ਕਰਕੇ ਸਿਖਾਇਆ ਜਾਂਦਾ ਹੈ। ਇਸ ਯੋਗ-ਉੱਚਾਰਣ ਸਿਖਾਉਣ ਦੀ ਵਿਧੀ ਸਮੇਂ ਬ+ਭ, ਦ+ਧ ਆਦਿਕ ਸੰਯੁਕਤ ਅੱਖਰਾਂ ਨੂੰ ਵੀ ਕਈ ਵਿਦਵਾਨ ਸੁਵਰਨੀ ਅੱਖਰ ਹੀ ਕਹਿ ਦਿੰਦੇ ਹਨ।

ਪੁਰਾਤਨ ਜਨਮਸਾਖੀ 'ਚ ਜ਼ਿਕਰ ਆਉਂਦਾ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਸੱਤਾਂ ਸਾਲਾਂ ਦੇ ਹੋਏ ਤਾਂ ਪਿਤਾ ਬਾਬਾ ਕਲਿਆਣ ਚੰਦ ਜੀ ਗੁਰੂ ਜੀ ਨੂੰ ਪਾਂਧੇ ਪਾਸ ਲੈ ਗਏ। ਉੱਥੇ ਸਤਿਗੁਰੂ ਜੀ ਨੇ ਪਾਂਧੇ ਨੂੰ ਪੈਂਤੀ ਅੱਖਰਾਂ ਦਾ ਉਪਦੇਸ਼ "ਪੱਟੀ" ਨਾਮ ਦੀ ਗੁਰਬਾਣੀ ਉਚਾਰ ਕੇ ਦਿੱਤਾ। ਇਸ ਪੱਟੀ ਨਾਮ ਦੀ ਗੁਰਬਾਣੀ ਚ' ਜਿੱਥੇ ਵੱਖ-ਵੱਖ ਅੱਖਰਾਂ ਤੋਂ ਉਪਦੇਸ਼ ਮਿਲਦਾ ਹੈ। ਉੱਥੇ ਹੀ ੩੫ ਅੱਖਰਾਂ ਦੀ ਉੱਚਾਰਣ-ਸੋਧ ਵੀ ਉਪਲਬਧ ਹੈ।

ਪੈਂਤੀ-ਅੱਖਰੀ ਦੀ ਅਜੋਕੀ ਉੱਚਾਰਣ-ਸੇਧ ਨਾਲੋਂ ਪੱਟੀ ਨਾਮਕ ਗੁਰਬਾਣੀ 'ਚ ਐੜਾ, ਈੜੀ, ਟੈਂਕਾ, ਵਾਵਾ ਦੀ ਉਚਾਰਣ ਸੇਧ ਆਇੜਾ, ਈਵੜੀ, ਟਟਾ, ਵਵਾ ਦਿੱਤੀ ਹੋਈ ਹੈ। ਗੁਰਮੁਖੀ ਭਾਸ਼ਾ ਵਿਗਿਆਨੀਆਂ ਦਾ ਖਿਆਲ ਹੈ ਕਿ ਆਇੜਾ ਦਾ ਰੂਪ ਹੌਲੀ-ਹੌਲੀ ਬਦਲ ਕੇ ਸਭ ਤੋਂ ਪਹਿਲਾ ਆੜਾ ਬਣਿਆ ਸੀ ਅਤੇ ਫੇਰ ਆੜਾ ਤੋਂ ਅਜੋਕੇ ਸਮੇਂ ਚ' ਐੜਾ ਬਣ ਗਿਆ ਹੈ।

ਪੁਰਾਤਨ ਵਿਦਵਾਨ ਗੁਰਮੁਖੀ ਅੱਖਰਾਂ ਦੇ ਉੱਚਾਰਣ ਵੇਲੇ ਅੱਖਰਾਂ ਦੇ ਪਿੱਛੇ ਕਾਰ ਲਾ ਕੇ ਵੀ, ਗੁਰਮੁਖੀ ਅੱਖਰਾਂ ਦਾ ਉੱਚਾਰਣ ਕਰਦੇ ਸਨ। ਉਦਾਹਰਣ ਤੌਰ ਤੇ ਉਕਾਰ, ਅਕਾਰ, ਏਕਾਰ, ਸਕਾਰ, ਹਕਾਰ, ਕਕਾਰ, ਖਕਾਰ, ਗਕਾਰ, ਘਕਾਰ, ਙਕਾਰ ਇਤਿਆਦਿਕ ਗੁਰਮੁਖੀ ਅੱਖਰਾਂ ਦਾ ਉੱਚਾਰਣ ਕਰਦੇ ਸਨ।

ਯਥਾ:- ਉਕਾਰ ਅਕਾਰ ਮਕਾਰ ਪੁਨ ਅਰਧਬਿੰਦ ਪਹਿਚਾਨ ॥
ਚਾਰੋਂ ਕੋ ਸਮੁਦਾਇ ਜੋ ਓਅੰਕਾਰ ਪਛਾਨ ॥ *(ਵਿਚਾਰ ਸਾਗਰ)*

ਫ਼ਾਰਸੀ ਅ਼ਰਬੀ 'ਚ ਰਚਿਤ ਗੁਰਮਤਿ ਕਾਵਿ-ਰਚਨਾ ਦਾ ਯੋਗ-ਉੱਚਾਰਣ ਕਰਨ ਵਾਸਤੇ ਗੁਰਮੁਖੀ ਲਿੱਪੀ ਚ' ੳ, ਅ਼, ੲ, ਸ਼, ਹ਼, ਕ਼, ਖ਼, ਗ਼, ਜ਼, ੜ, ਫ਼ ਇੰਨ੍ਹਾਂ ਅੱਖਰਾਂ ਦੇ ਚਰਨਾਂ ਚ' ਬਿੰਦੀਆਂ ਦਾ ਪ੍ਰਯੋਗ ਹੁੰਦਾ ਹੈ। ਫ਼ਾਰਸੀ ਦੇ ਵਿਦਵਾਨ ਇੰਨ੍ਹਾਂ ਪੈਰ-ਬਿੰਦੀਆਂ ਦੇ ਉੱਚਾਰਣ ਸੰਬੰਧ ਵਿੱਚ ਇਹ ਵਿਚਾਰ ਦਿੰਦੇ ਹਨ ਕਿ ਕਵਰਗ ਦੇ ਕ, ਖ, ਗ, ਘ, ਙ ਅੱਖਰਾਂ ਦਾ ਉੱਚਾਰਣ ਆਮ ਗਲ਼ੇ ਤੋਂ ਹੁੰਦਾ ਹੈ ਅਤੇ ਬਿੰਦੀ ਸਾਹਿਤ ਕ਼, ਖ਼, ਗ਼ ਦਾ ਉੱਚਾਰਣ ਖ਼ਾਸ ਗਲ਼ੇ ਤੋਂ ਭਾਵ ਪੂਰਾ ਗਲ਼ੇ ਵਿਚੋਂ ਹੁੰਦਾ ਹੈ। ਗੱਗੇ ਅੱਖਰ ਦੇ ਉਚਾਰਣ ਸਮੇਂ ਅਵਾਜ਼ ਜਿਥੋਂ ਆਮ ਗਲ਼ੇ ਵਿੱਚੋਂ ਆਉਂਦੀ ਹੈ, ਕ਼, ਖ਼, ਗ਼ ਦੀ ਅਵਾਜ਼ ਵੀ ਉਥੋਂ ਹੀ ਖ਼ਾਸ ਗਲ਼ੇ ਤੋਂ ਆਉਂਦੀ ਹੈ। ਕ਼, ਖ਼, ਗ਼ ਦੇ ਅਭਿਆਸ ਵਾਸਤੇ ਗ਼, ਕ਼, ਗ਼, ਕ਼, ਖ਼ ਇਹ ਬਾਰ ਬਾਰ ਪੜ੍ਹੋ। ਕ਼, ਗ਼ ਤੋਂ ਬਗੈਰ ਖ਼ ਦੀ ਅਵਾਜ਼ ਥੋੜੀ ਖਰਵੇ-ਗਲ਼ੇ ਤੋਂ ਆਉਂਦੀ ਹੈ।

ਅਰਬੀ ਫ਼ਾਰਸੀ ਚ' ੳ, ਅ਼, ੲ ਦੀ ਥਾਂ ਤੇ ਇੱਕੋ ਹੀ ਹ਼ਰਫ਼ (ਅੱਖਰ) "ਐ਼ਨ" ਹੀ ਹੁੰਦਾ ਹੈ। ਐ਼ਨ ਨੂੰ ਹੀ ਜ਼ੇਰ, ਜ਼ਬਰ, ਪੇਸ਼, ਵਾਓ, ਯੇ ਆਦਿਕ ਲਗਾ-ਮਾਤ੍ਰਾ ਲਗਾ ਕੇ ੳ, ਅ਼, ੲ ਬਣਾ ਲਿਆ ਜਾਂਦਾ ਹੈ। ਐ਼ਨ ਅਥਵਾ ੳ, ਅ਼, ੲ ਦੇ ਉੱਚਾਰਣ ਦੇ ਸੰਬੰਧ ਚ' ਫ਼ਾਰਸੀ ਦੇ ਭਾਸ਼ਾ-ਵਿਗਿਆਨੀ ਇਹ ਦੱਸਦੇ ਹਨ ਕਿ ਜਿੱਥੋਂ ਗ਼ੈਨ ਅਥਵਾ ਗ਼ ਅੱਖਰ ਦੀ ਅਵਾਜ਼ ਆਉਂਦੀ ਹੈ, ਉੱਥੋਂ ਹੀ ਐਨ ਅਥਵਾ ੳ, ਅ਼, ੲ ਦੀ ਅਵਾਜ਼ ਆਉਂਦੀ ਹੈ।

ਐ਼ਨ ਦੇ ਅਭਿਆਸ ਵਾਸਤੇ ਗ਼ੈਨ, ਐ਼ਨ, ਗ਼ੈਨ, ਐ਼ਨ, ਐ਼ਨ, ਗ਼ੈਨ ਇੰਝ ਬਾਰ-ਬਾਰ ਪੜ੍ਹੋ। ਖ਼ੇ ਅਥਵਾ ਖ਼ ਦੇ ਉੱਚਾਰਣ ਸਮੇਂ ਜਿੱਥੋਂ ਅਵਾਜ਼ ਆਉਂਦੀ ਹੈ, ਹ਼ੇ ਅਥਵਾ ਹ਼ ਦੇ ਉੱਚਾਰਣ ਸਮੇਂ ਵੀ ਅਵਾਜ਼ ਉੱਥੋਂ ਹੀ ਆਉਂਦੀ ਹੈ। ਹ਼ੇ ਅਥਵਾ ਹ਼ ਦੇ ਅਭਿਆਸ ਵਾਸਤੇ ਖ਼ੇ, ਹੇ, ਹ਼ੇ, ਖ਼ੇ, ਇੰਝ ਬਾਰ-ਬਾਰ ਪੜ੍ਹੋ। ੜੱੜੇ ਅੱਖਰ ਦਾ ਉੱਚਾਰਣ ਥੋੜਾ ਆਮ ੜੱੜੇ ਨਾਲੋਂ ਕੱਸ ਕੇ ਕੀਤਾ ਜਾਂਦਾ ਹੈ। ਇਹਨਾਂ ਅੱਖਰਾਂ ਦਾ ਬਹੁਤਾ ਅਭਿਆਸ ਕਰਨ ਵਾਸਤੇ ਇਹਨਾਂ ਅੱਖਰਾਂ ਦੀ ਮੁਹਾਰਨੀ ਜ਼ਿਆਦਾ ਪਕਾਉਣੀ ਚਾਹੀਦੀ ਹੈ।

"ਙ" ਅੱਖਰ ਬੁਲਾਉਣ ਦਾ ਤਰੀਕਾ:- ਪਹਿਲਾ ਅੰਙਾ ਬੁਲਾਉ। ਜਦੋਂ ਅੰਙਾ ਚੰਗੀ ਤਰ੍ਹਾਂ ਪੱਕ ਜਾਵੇ ਤਾਂ ਫਿਰ ਅੰਙ ਬੁਲਾਉ। ਜਦੋਂ ਅੰਙ ਚੰਗੀ ਤਰ੍ਹਾਂ ਪੱਕ ਜਾਵੇ ਤਾਂ ਫਿਰ ਅੰਙੰ ਬੁਲਾਉ। ਜਦੋਂ ਅੰਙੰ ਵੀ ਚੰਗੀ ਤਰ੍ਹਾਂ ਪੱਕ ਜਾਵੇ ਤਾਂ ਫਿਰ ਅੰਙੰਙਾ ਬੁਲਾਉ। ਜਦੋਂ ਇਹ ਅੱਖਰ ਵੀ ਚੰਗੀ ਤਰ੍ਹਾਂ ਪੱਕ ਜਾਣ, ਤਾਂ ਉਸ ਤੋਂ ਬਾਅਦ ਅੰਙੰ-ਙਾਙਾ ਬੁਲਾਉ। ਜਦੋਂ ਅੰਙੰ-ਙਾਙਾ ਵੀ ਚੰਗੀ ਤਰ੍ਹਾਂ ਪੱਕ ਜਾਵੇ, ਉਦੋਂ (ਅੰਙੰ-ਙੰਙਾ) ਬੁਲਾਉ। ਜਦੋਂ ਇਹ ਚਾਰੇ ਅੱਖਰ ਚੰਗੀ ਤਰ੍ਹਾਂ ਪੱਕ ਜਾਣਗੇ ਤਾਂ ਉਦੋਂ ਵਿਦਿਆਰਥੀ "ਙ" ਸੌਖਾ ਹੀ ਬੋਲਣ ਲਗ ਪਵੇਗਾ।

"ਞ" ਅੱਖਰ ਬੁਲਾਉਣ ਦਾ ਤਰੀਕਾ:- ਜਿਸ ਤਰ੍ਹਾਂ ਚੱਚਾ ਅੱਖਰ ਬੁਲਾਉਣ ਲੱਗਿਆਂ ਜ਼ਬਾਨ ਚੰਗੀ ਤਰ੍ਹਾਂ ਤਾਲ਼ੂ ਨਾਲ ਲੱਗਦੀ ਹੈ, ਇਸੇ ਤਰ੍ਹਾਂ ਚਵਰਗ ਦਾ "ਞ" ਬੁਲਾਉਣ ਲੱਗਿਆਂ ਵੀ ਜ਼ਬਾਨ ਚੰਗੀ ਤਰ੍ਹਾਂ ਤਾਲ਼ੂ ਨਾਲ ਲਾਉਣੀ ਹੈ। ਕਈ ਪੜ੍ਹੇ ਲਿਖੇ (ਨਿਜੰ-ਨਿਜਾਂ) ਇਸ ਤਰ੍ਹਾਂ ਸੌਖਾ ਬੋਲ ਲੈਂਦੇ ਹਨ। ਜਿੰਨ੍ਹਾਂ ਨੂੰ ਇਸ ਤਰ੍ਹਾਂ ਵੀ ਸਮਝ ਨਾ ਲੱਗੇ ਤਾਂ ਉਨ੍ਹਾਂ ਨੂੰ ਪਹਿਲਾਂ ਨਿਅੰਨ-ਨਿਆ ਬੁਲਾਉ ਜਦੋਂ ਨਿਅੰਨ-ਨਿਆ ਚੰਗੀ ਤਰ੍ਹਾਂ ਪੱਕ ਜਾਵੇ, ਉਦੋਂ ਵਿਦਿਆਰਥੀ ਨਿਅੰ-ਨਿਆਂ "ਞ" ਸੌਖਾ ਹੀ ਬੋਲ ਲਵੇਗਾ।

ਯਯਾ ਬੁਲਾਉਣ ਦਾ ਤਰੀਕਾ:- ਪਹਿਲਾ ਪੰਜ-ਸੱਤ ਵਾਰੀ "ਯਾ" ਬੁਲਾਉ ਤੇ ਫਿਰ ਪੰਜ ਮਿੰਟ ਖਲੋ ਜਾਉ। ਫੇਰ ਇਸੇ ਤਰ੍ਹਾਂ ਪੰਜ-ਸੱਤ ਵਾਰੀ ਬੁਲਾਉ। ਉਸ ਤੋਂ ਬਾਅਦ ਵਿਦਿਆਰਥੀ ਨੂੰ ਪੰਜ-ਸੱਤ ਵਾਰੀ "ਯ" ਬੁਲਾਉ। ਤਾਂ ਫਿਰ ਵਿਦਿਆਰਥੀ ਨੂੰ ਸੌਖਾ ਹੀ "ਯ" ਅੱਖਰ ਬੋਲਣਾ ਆ ਜਾਵੇਗਾ।

"ਰ" ਅੱਖਰ ਬੁਲਾਉਣ ਦਾ ਤਰੀਕਾ:- ਪਹਿਲਾਂ ਚਾ ਬੁਲਾਉ, ਚਾ ਬੁਲਾਉਣ ਲੱਗਿਆਂ ਜਿੱਥੇ ਜ਼ਬਾਨ ਤਾਲ਼ੂ ਨਾਲ ਲੱਗਦੀ ਹੈ, ਉੱਥੇ ਹੀ ਰਾ ਬੁਲਾਉਣ ਲੱਗਿਆਂ ਜ਼ਬਾਨ ਦਾ ਥੋੜਾ ਜਿਹਾ ਸਿਰਾ ਤਾਲ਼ੂ ਨਾਲ ਲੱਗਦਾ ਹੈ, ਉੱਥੋਂ ਹੀ ਜ਼ਬਾਨ ਥੋੜ੍ਹੀ ਪਿਛਾਂਹ ਕਰਕੇ "ਰ" ਥੋੜੀ ਲੰਮੀ ਸੁਰ ਵਿੱਚ ਇਸੇ ਤਰ੍ਹਾਂ ਬੁਲਾਉ। ਚਾ,ਰਾ,ਚੀ,ਰੀ,ਚੂ,ਰੂ, ਚੇ,ਰੇ,ਚੈ,ਰੈ,ਚੋ,ਰੋ, ਚੌ,ਰੌ,ਚੰ,ਰੰ,ਚਾਂ,ਰਾਂ। ਇਹ ਅੱਖਰ ਸਵੇਰੇ ਸ਼ਾਮ ਪੰਜ-ਪੰਜ ਵਾਰੀ ਇੱਕ ਹਫ਼ਤਾ ਬੁਲਾਉ ਤਾਂ ਵਿਦਿਆਰਥੀ ਸੌਖਾ ਹੀ "ਰ" ਅੱਖਰ ਬੋਲ ਲੈਂਦਾ ਹੈ।

"ਰ" ਅੱਖਰ ਬੁਲਾਉਣ ਦਾ ਦੂਜਾ ਤਰੀਕਾ:-ਜਿਸ ਤਰ੍ਹਾਂ ਕੱਪੜਾ ਪਾੜਨ ਦੀ ਅਵਾਜ਼ ਆਉਂਦੀ ਹੈ ਚਰਰ, ਜਦੋਂ "ਰ" ਇਸ ਤਰ੍ਹਾਂ ਗੁਰਮੁਖੀ ਦੇ ਸਾਰੇ ਅੱਖਰਾਂ ਨਾਲ ਚਰ੍, ਪਰ੍, ਖਰ੍, ਰਰ੍ ਆਦਿ ਨਾਲ ਪੱਕ ਜਾਵੇ ਤਾਂ ਵਿਦਿਆਰਥੀ ਉਦੋਂ ਸੌਖਾ ਹੀ "ਰ" ਅੱਖਰ ਬੋਲਣ ਲੱਗ ਪੈਂਦਾ ਹੈ।

ਗੁਰਮੁਖੀ ਵਰਣਮਾਲਾ ਦੇ ਨਿਤਨੇਮ ਦਾ ਮਹਾਤਮ

ਸੱਚਖੰਡਵਾਸੀ ਸਿੰਘ ਸਾਹਿਬ ਜਥੇਦਾਰ ਬਾਬਾ ਮਿੱਤ ਸਿੰਘ ਜੀ ਸੇਵਾਦਾਰ ਮਾਤਾ ਸਾਹਿਬ ਦੇਵਾਂ ਜੀ ਨੰਦੇੜ ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾਦਲ ਦੇ ਬਾਰਵੇਂ ਮੁੱਖੀ ਸੱਚਖੰਡਵਾਸੀ ਸਿੰਘ ਸਾਹਿਬ ਜਥੇਦਾਰ

ਬਾਬਾ ਬਿਸ਼ਨ ਸਿੰਘ ਜੀ ਪੁਰਾਤਨ ਮਰਿਆਦਾ ਅਨੁਸਾਰ ਅੰਮ੍ਰਿਤ ਵੇਲੇ ਇਸਨਾਨ ਕਰਦੇ ਸਮੇਂ ਗੁਰਮੁਖੀ ਵਰਨਮਾਲਾ ਦੇ ਪੈਂਤੀ ਅੱਖਰਾਂ ਦਾ ਜਾਪ ਕਰਿਆ ਕਰਦੇ ਸਨ ਅਤੇ ਬਾਬਾ ਬਿਸ਼ਨ ਸਿੰਘ ਜੀ ਪੈਂਤੀ ਅੱਖਰਾਂ ਦੇ ਜਾਪੁ ਬਾਰੇ ਇਹ ਵੀ ਕਿਹਾ ਕਰਦੇ ਸਨ ਕਿ ਇਸ ਲੋਕ ਦੇ ਸਾਰੇ ਦੁਨਿਆਵੀ, ਧਾਰਮਿਕ ਗਿਆਨ ਤੋਂ ਲੈ ਕੇ ਬ੍ਰਹਮਗਿਆਨ ਤੱਕ ਦਾ ਖਜਾਨਾ ਇਹਨਾਂ ਪੈਂਤੀ ਅੱਖਰਾਂ ਵਿੱਚ ਸਮੋਇਆ ਹੋਇਆ ਹੈ। ਜੋ ਵੀ ਅੰਮ੍ਰਿਤ ਵੇਲੇ ਉੱਠ ਕੇ ਗੁਰਮੁਖੀ ਵਰਨਮਾਲਾ ਦੇ ਪੈਂਤੀ ਅੱਖਰਾਂ ਦਾ ਜਾਪੁ ਕਰਦਾ ਹੈ, ਉਸਨੂੰ ਕਿਸੇ ਵੀ ਪ੍ਰਕਾਰ ਦਾ ਕੋਈ ਵੀ ਘਾਟਾ ਨਹੀਂ ਰਹਿੰਦਾ ਹੈ। ਬਾਬਾ ਜੀ ਇਹ ਵੀ ਕਿਹਾ ਕਰਦੇ ਸਨ ਕਿ ਖ਼ਾਲਸਾ ਜੀ ! ਊੜਾ ਅਤੇ ਜੂੜਾ ਖ਼ਾਲਸੇ ਦੀ ਜਾਨ ਹੈ। ਖ਼ਾਲਸੇ ਨੂੰ ਕਦੇ ਵੀ ਇਸ ਤੋਂ ਬੇਮੁਖ ਨਹੀਂ ਹੋਣਾ ਚਾਹੀਦਾ।

☬

ਸਕੰਧ ਦੂਜਾ

ਗੁਰਮੁਖੀ ਲਿੱਪੀ ਬਾਰੇ ਕੁਝ ਵਿਸ਼ੇਸ਼ ਜਾਣਕਾਰੀ

(ਇਹ ਵਿਸ਼ੇਸ਼ ਜਾਣਕਾਰੀ ਪੜ੍ਹਾਉਣ ਵਾਲੇ ਅਧਿਆਪਕ ਵਾਸਤੇ ਹੀ ਹੈ।)

ਭਾਸ਼ਾ :- ਮਨੁੱਖ ਆਪਣੇ ਮਨ ਦੇ ਵਲਵਲੇ ਜਿਸ ਬੋਲਚਾਲ ਰਾਹੀਂ ਦੂਸਰੇ ਤੱਕ ਪਹੁੰਚਾਉਂਦਾ ਹੈ, ਉਸ ਮਨੁੱਖੀ ਬੋਲਚਾਲ ਨੂੰ ਭਾਸ਼ਾ ਕਹਿੰਦੇ ਹਨ। ਸੰਸਕ੍ਰਿਤ ਦੇ "ਭਾਸ਼" ਧਾਤੂ ਤੋਂ ਪੈਦਾ ਹੋਏ "ਭਾਸ਼ਾ" ਸ਼ਬਦ ਦਾ ਅਰਥ "ਸ਼ਪੱਸ਼ਟ-ਬੋਲ" ਬਣਦਾ ਹੈ। ਭਾਵ ਕਿ ਆਪਣੇ ਮਨ ਦੇ ਵਲਵਲਿਆਂ ਨੂੰ ਦੂਸਰੇ ਤੱਕ ਸ਼ਪੱਸ਼ਟ ਬੋਲਾਂ ਨਾਲ ਪਹੁੰਚਾਉਣਾ। ਮਨੁੱਖੀ ਭਾਸ਼ਾ ਦੇ ਪ੍ਰਮੁੱਖ ਦੋ ਅੰਗ ਹਨ।

੧. ਮੌਖਿਕ ਭਾਸ਼ਾ, ੨. ਲਿਖਤੀ ਭਾਸ਼ਾ

੧. ਮੌਖਿਕ ਦਾ ਅਰਥ ਹੈ ਕਿ ਮੁੱਖ ਤੋਂ ਬੋਲਣਾ। ਮਨੁੱਖ ਦੇ ਆਪਸੀ ਬੋਲ-ਚਾਲ ਨੂੰ ਮੌਖਿਕ ਭਾਸ਼ਾ ਕਹਿੰਦੇ ਹਨ।

੨. ਲਿਖਤੀ ਦਾ ਅਰਥ ਹੈ ਕਿ ਲਿਖਿਆ ਹੋਇਆ। ਮਨੁੱਖੀ ਮੌਖਿਕ ਭਾਸ਼ਾ ਨੂੰ ਜਦ ਕਲਮਬੰਦ ਕੀਤਾ ਜਾਂਦਾ ਹੈ ਤਾਂ ਉਹ ਲਿਖਤੀ ਭਾਸ਼ਾ ਅਖਵਾਂਉਦੀ ਹੈ।

ਲਿੱਪੀ :- ਮੌਖਿਕ ਭਾਸ਼ਾ ਨੂੰ ਲਿਖਤੀ ਰੂਪ ਦੇਣ ਸਮੇਂ ਵਰਤੀਆਂ ਜਾਂਦੀਆਂ ਧੁਨੀਆਂ, ਅੱਖਰਾਂ, ਮਾਤ੍ਰਾਵਾਂ ਅਤੇ ਚਿੰਨ੍ਹਾਂ ਨੂੰ ਠੀਕ ਤਰਤੀਬ ਦੇਣ ਵਾਸਤੇ ਵਰਤੇ ਜਾਂਦੇ ਢੰਗ ਨੂੰ ਭਾਸ਼ਾ ਦੀ ਲਿੱਪੀ ਕਹਿੰਦੇ ਹਨ।

ਅੱਖਰ :- ਮੂੰਹ ਤੋਂ ਨਿਕਲਣ ਵਾਲੇ ਹਰੇਕ ਬੋਲ ਨੂੰ ਧੁਨੀ ਕਹਿੰਦੇ ਹਨ ਅਤੇ ਧੁਨੀਆਂ ਦੇ ਵਿੱਚੋਂ ਸਭ ਤੋਂ ਛੋਟੀ ਧੁਨੀ, ਜਿਸ ਧੁਨੀ ਦੇ ਹੋਰ ਟੁਕੜੇ ਨਾ ਹੋ ਸਕਣ; ਉਸ ਧੁਨੀ ਨੂੰ ਵਰਣ ਜਾਂ ਅੱਖਰ ਕਹਿੰਦੇ ਹਨ। ਉਦਾਹਰਣ ਤੌਰ ਤੇ ੳ, ਅ, ੲ, ਸ, ਹ, ਕ, ਖ, ਗ, ਘ ਆਦਿਕ ਇਹ ਸਾਰੇ ਅੱਖਰ ਹਨ। ਭਾਵ ਕਿ ੳ, ਅ, ੲ, ਸ, ਹ ਆਦਿਕ ਧੁਨੀਆਂ ਦੇ ਮੁਹਾਰਨੀ ਦੇ ਨਿਯਮ ਅਨੁਸਾਰ ਮੁਕਤਾ ਰੂਪ ਉਚਾਰਣ ਦੇ ਹੋਰ ਟੁਕੜੇ ਨਹੀਂ ਹੁੰਦੇ ਹਨ, ਇਸ ਲਈ ੳ, ਅ, ੲ ਆਦਿਕ ਧੁਨੀਆਂ ਨੂੰ ਅੱਖਰ ਕਹਿੰਦੇ ਹਨ।

ਵਰਣਮਾਲਾ:- ਅੱਖਰਾਂ ਦੇ ਸਮੁੱਚੇ ਰੂਪ ਨੂੰ ਵਰਣਮਾਲਾ ਜਾਂ ਅੱਖਰਮਾਲਾ ਕਹਿੰਦੇ ਹਨ। ਗੁਰਮੁਖੀ ਲਿੱਪੀ ਵਿੱਚ ਇਨ੍ਹਾਂ ਅੱਖਰਾਂ ਦੀ ਗਿਣਤੀ ੩੫ ਹੈ। ਇਸ ਲਈ ਗੁਰਮੁਖੀ ਲਿੱਪੀ ਚ'

੩੫ ਅੱਖਰਾਂ ਦੇ ਸਮੁੱਚੇ ਰੂਪ ਨੂੰ ਪੈਂਤੀ ਅੱਖਰੀ ਵੀ ਕਹਿੰਦੇ ਹਨ। ਗੁਰਮੁਖੀ ਲਿੱਪੀ ਦੇ ੩੫ ਅੱਖਰ ਦੋ ਪ੍ਰਕਾਰ ਦੇ ਹਨ :-

ੳ) ਸੂਰ, ਅ) ਵਿਅੰਜਨ

(ੳ) ਸੂਰ:- ਜਿਹੜੇ ਅੱਖਰ ਕਿਸੇ ਹੋਰ ਅੱਖਰ ਦੀ ਸਹਾਇਤਾ ਤੋਂ ਬਗੈਰ ਹੀ ਬੋਲੇ ਜਾਣ ਅਤੇ ਜਿਨ੍ਹਾਂ ਨੂੰ ਬੋਲਣ ਸਮੇਂ ਜੀਭ ਮੂੰਹ ਦੇ ਕਿਸੇ ਹਿੱਸੇ ਨੂੰ ਨਾ ਲੱਗੇ ਜਾਂ ਜਿਨ੍ਹਾਂ ਅੱਖਰਾਂ ਦੇ ਬੋਲਣ ਸਮੇਂ ਹਵਾ ਮੂੰਹ ਤੋਂ ਬਿਨਾ ਕਿਸੇ ਰੁਕਾਵਟ ਦੇ ਬਾਹਰ ਨਿਕਲੇ, ਉਨ੍ਹਾਂ ਨੂੰ ਸੂਰ ਕਹਿੰਦੇ ਹਨ। ਗੁਰਮੁਖੀ ਲਿੱਪੀ ਚ' ੳ, ਅ, ੲ ਇਹ ਤਿੰਨ ਸੂਰ ਅੱਖਰ ਹਨ।

ਕਈ ਵਿਦਵਾਨ ੳ, ਅ, ੲ ਦੇ ਨਾਲ ਹ ਅਤੇ ਯ ਨੂੰ ਭੀ ਗੌਣ ਸੂਰ ਅੱਖਰ (ਅਪ੍ਰਮੁਖ ਸੂਰ ਅੱਖਰ) ਮੰਨਦੇ ਹਨ। ਉਨ੍ਹਾਂ ਦਾ ਖ਼ਿਆਲ ਹੈ ਕਿ ਕਈ ਥਾਂਵਾ ਤੇ "ੲ" ਦੀ ਜਗ੍ਹਾ ਉੱਪਰ "ਹ" ਅੱਖਰ ਵਰਤਿਆ ਜਾਂਦਾ ਹੈ। ਉਦਾਹਰਣ ਤੌਰ ਤੇ ਮਾਨਈ ਦੀ ਜਗ੍ਹਾ ਉੱਪਰ ਰੂਪਾਂਤਰ ਮਾਨਹੀ ਭੀ ਮਿਲਦਾ ਹੈ ਅਤੇ ਕਈ ਥਾਵਾਂ ਤੇ ਯੱਯਾ ਵੀ ਸ਼ਬਦ ਦੇ ਅੰਤ ਚ' ਆ ਕੇ ੳ, ਅ, ੲ ਦੀ ਅਵਾਜ਼ ਦਿੰਦਾ ਹੈ। ਉਦਾਹਰਣ ਤੌਰ ਤੇ ਦੀਯੁ ਦੀ ਜਗ੍ਹਾ ਤੇ ਦੀਉ, ਰਮਣੀਯ ਦੀ ਜਗ੍ਹਾ ਤੇ ਰਮਣੀਅ ਅਤੇ ਜਯ ਦੀ ਜਗ੍ਹਾ ਤੇ ਜਇ ਦੀ ਅਵਾਜ਼ ਯੱਈਆ ਦਿੰਦਾ ਹੈ। ਇਸ ਲਈ ੳ, ਅ, ੲ ਇਹ ਤਿੰਨ ਪਰਮ ਸੂਰ (ਪ੍ਰਮੁਖ ਸੂਰ) ਅੱਖਰ ਹਨ ਅਤੇ "ਹ" ਅਤੇ "ਯ" ਇਹ ਦੋ ਗੌਣ ਸੂਰ (ਅਪ੍ਰਮੁਖ ਸੂਰ) ਅੱਖਰ ਹਨ। ਗੁਰਮੁਖੀ ਲਿੱਪੀ ਚ' ਭਾਵੇਂ ੳ, ਅ, ੲ ਇਹ ਤਿੰਨ ਹੀ ਪਰਮ ਸੂਰ ਅੱਖਰ ਹਨ। ਪਰੰਤੂ ਜਦ ਇਨ੍ਹਾਂ ਸੂਰ ਅੱਖਰਾਂ ਨਾਲ ਲਗਾ-ਮਾਤ੍ਰਾ ਲੱਗ ਜਾਂਦੀਆਂ ਹਨ ਤਾਂ ਇਨ੍ਹਾਂ ਸੂਰ ਅੱਖਰਾਂ ਦੀ ਗਿਣਤੀ ੧੦ ਹੋ ਜਾਂਦੀ ਹੈ।

ਮਾਤ੍ਰਾ:- ਅੱਖਰ ਦੇ ਉੱਚਾਰਣ ਨੂੰ ਜਿੰਨਾਂ ਸਮਾਂ ਲੱਗੇ, ਉਸਨੂੰ ਮਾਤ੍ਰਾ ਕਹਿੰਦੇ ਹਨ। ਮੁਕਤਾ, ਸਿਹਾਰੀ, ਔਂਕੜ ਇਹ ਤਿੰਨ ਲਘੁ ਮਾਤ੍ਰਾ ਹਨ ਅਤੇ ਬਾਕੀ ੭ ਦੀਰਘ ਮਾਤ੍ਰਾ ਹਨ। ਟਿੱਪੀ ਅਤੇ ਬਿੰਦੀ ਇਹ ਦੋ ਅਨੁਨਾਸਿਕ ਅਤੇ ਅਨੁਸ੍ਵਾਰ ਮਾਤ੍ਰਾਵਾਂ ਹਨ। ਸੂਰਾਂ ਦੇ ਉੱਚਾਰਣ ਵਿੱਚ ਲੱਗਣ ਵਾਲੇ ਸਮੇਂ ਦੀ ਦ੍ਰਿਸ਼ਟੀ ਅਨੁਸਾਰ ਸੂਰ ਤਿੰਨ ਪ੍ਰਕਾਰ ਦੇ ਹੁੰਦੇ ਹਨ।

1. **ਲਘੁ ਜਾਂ ਹ੍ਰਸ੍ਵ ਸੂਰ** :- ਜਿਨ੍ਹਾਂ ਸੂਰਾਂ ਦੇ ਉੱਚਾਰਣ ਨੂੰ ਥੋੜੇ ਤੋਂ ਥੋੜਾ ਸਮਾਂ ਲਗਦਾ ਹੈ। ਉਨ੍ਹਾਂ ਸੂਰਾਂ ਨੂੰ ਲਘੁ ਜਾਂ ਹ੍ਰਸ੍ਵ ਸੂਰ ਕਹਿੰਦੇ ਹਨ। ਅਰਥਾਤ ਇਕ ਮਾਤ੍ਰਿਕ ਸੂਰ ਨੂੰ ਲਘੁ ਸੂਰ ਕਹਿੰਦੇ ਹਨ। ਅ, ਇ, ਉ ਗਿਣਤੀ ਵਿੱਚ ਇਹ ਤਿੰਨ ਹ੍ਰਸ੍ਵ ਸੂਰ ਹਨ।

2. **ਗੁਰੂ ਜਾਂ ਦੀਰਘ ਸੂਰ** :- ਜਿੰਨ੍ਹਾਂ ਸੂਰਾਂ ਦੇ ਉੱਚਾਰਣ ਨੂੰ ਲਘੁ ਸੂਰਾਂ ਤੋਂ ਦੁੱਗਣਾ ਸਮਾਂ ਲੱਗੇ, ਉਨ੍ਹਾਂ ਸੂਰਾਂ ਨੂੰ ਦੀਰਘ-ਸੂਰ ਕਹਿੰਦੇ ਹਨ। ਅਰਥਾਤ ਦੋ ਮਾਤ੍ਰਿਕ ਸੂਰ ਨੂੰ ਦੀਰਘ ਸੂਰ ਕਹਿੰਦੇ ਹਨ। ਆ, ਈ, ਊ, ਏ, ਐ, ਓ, ਔ, ਇਹ ਗਿਣਤੀ ਵਿੱਚ ਸੱਤ ਹਨ।

3. **ਪਲੁਤ ਸੂਰ** :- ਜਦ ਕਿਸੇ ਸੂਰ ਦੇ ਉੱਚਾਰਣ ਨੂੰ ਹ੍ਰਸ੍ਵ ਸੂਰ ਤੋਂ ਤਿਗੁਨਾ (ਤਿੰਨ ਗੁਣਾ) ਸਮਾਂ ਲੱਗੇ, ਤਾਂ ਉਸ ਸੂਰ ਨੂੰ ਪਲੁਤ ਸੂਰ ਕਹਿੰਦੇ ਹਨ। ਅਰਥਾਤ ਲਘੁ, ਦੀਰਘ ਸੂਰ ਤੋਂ ਵਧੀਕ ਅਵਾਜ਼ ਵਾਲੇ ਹਰੇਕ ਸੂਰ ਨੂੰ ਹੀ ਪਲੁਤ ਸੂਰ ਹੀ ਕਹਿੰਦੇ ਹਨ। ਉਦਾਹਰਣ

ਤੌਰ ਤੇ "ਕਿਸੇ ਨੂੰ ਦੂਰੋਂ ਅਵਾਜ਼ ਮਾਰਨੀ" ਜਿਵੇਂ ਓਇ, ਰੇ, ਹੋ, ਹੇ, ਆਦਿਕ ਇਹ ਸਾਰੇ ਪਲੁਤ-ਸੂਰ ਹੀ ਮੰਨੇ ਜਾਂਦੇ ਹਨ।

ਵਿਸ਼ੇਸ਼ ਨੋਟ:- ੧੦ ਸੂਰਾਂ ਦੇ ਨਾਲ ਵਰਤੋਂ ਹੋਣ ਵਾਲੀ ਟਿੱਪੀ ਨੂੰ ਅਨੁਨਾਸਿਕ ਅਤੇ ਬਿੰਦੀ ਨੂੰ ਅਨੁਸ੍ਵਾਰ ਕਹਿੰਦੇ ਹਨ। ਜਿਸ ਧੁਨੀ ਦੇ ਉੱਚਾਰਣ ਸਮੇਂ ਹਵਾ ਮੂੰਹ ਅਤੇ ਨੱਕ ਰਾਹੀਂ ਬਾਹਰ ਨਿਕਲੇ, ਅਰਥਾਤ ਜਿਸ ਧੁਨੀ ਦਾ ਉੱਚਾਰਣ ਮੂੰਹ ਅਤੇ ਨੱਕ ਤੋਂ ਹੋਵੇ। ਉਸਨੂੰ ਅਨੁਨਾਸਿਕ ਧੁਨੀ ਅਤੇ ਜਿਸ ਧੁਨੀ ਦੇ ਉੱਚਾਰਣ ਸਮੇਂ ਹਵਾ ਇਕੱਲੀ ਨੱਕ ਰਾਹੀਂ ਬਾਹਰ ਨਿਕਲੇ, ਅਰਥਾਤ ਜਿਸ ਧੁਨੀ ਦਾ ਉੱਚਾਰਣ ਇਕੱਲਾ ਨੱਕ ਤੋਂ ਹੀ ਹੋਵੇ, ਉਸਨੂੰ ਅਨੁਸ੍ਵਾਰ ਧੁਨੀ ਕਹਿੰਦੇ ਹਨ। ਗੁਰਬਾਣੀ ਚ' ਕਈ ਥਾਂਵਾਂ ਤੇ ਬਿੰਦੀ ਦੀ ਜਗ੍ਹਾ ਉੱਪਰ ਟਿੱਪੀ ਦੀ ਵਰਤੋਂ ਵੀ ਹੋਈ ਮਿਲਦੀ ਹੈ। ਉਦਾਹਰਣ ਤੌਰ ਤੇ ਆਦਿ ਗੁਰਬਾਣੀ 'ਚ ਥਿਤੀਂ ਦੀ ਜਗ੍ਹਾ ਉੱਪਰ ਥਿਤੀੰ, ਲਿਉਂ ਦੀ ਜਗ੍ਹਾ ਉੱਪਰ ਲਿੰਉ ਅਤੇ ਗਲੀਂ ਦੀ ਜਗ੍ਹਾ ਉੱਪਰ ਗਲੀੰ ਆਦਿਕ ਲਿਖੇ ਮਿਲਦੇ ਹਨ। ਥਿਤੀੰ, ਹੰਉ, ਗਲੀੰ, ਕੰਉ ਆਦਿਕ ਸ਼ਬਦਾਂ ਚ' ਟਿੱਪੀ ਦਾ ਉੱਚਾਰਣ ਬਿੰਦੀ ਵਾਂਗ ਹੋਣ ਕਰਕੇ ਟਿੱਪੀ ਨੂੰ ਅਨੁਸ੍ਵਾਰ ਧੁਨੀ ਹੀ ਮੰਨਿਆ ਜਾਂਦਾ ਹੈ। ਇੰਜ ਟਿੱਪੀ ਹਮੇਸ਼ਾਂ ਅਨੁਨਾਸਿਕ ਧੁਨੀ ਨਹੀਂ ਰਹਿੰਦੀ। ਕਿਤੇ-ਕਿਤੇ ਇਹ ਅਨੁਸ੍ਵਾਰ ਧੁਨੀ ਦੇ ਰੂਪ ਚ' ਵੀ ਬੋਲੀ ਜਾਂਦੀ ਹੈ। ਆਮ ਬੋਲੀ ਚ' ਵੀ ਤੂੰ, ਰੂੰ, ਜੂੰ ਇਨ੍ਹਾਂ ਸ਼ਬਦਾਂ ਚ' ਟਿੱਪੀ ਅਨੁਸ੍ਵਾਰ ਧੁਨੀ ਹੀ ਬੋਲੀ ਜਾਂਦੀ ਹੈ। ਦਸਮ ਗੁਰਬਾਣੀ ਵਿੱਚ ਵੀ ਕਬਹੂੰ, ਸਬਹੂੰ, ਜਬਹੂੰ ਆਦਿਕ ਸ਼ਬਦਾਂ 'ਚ ਟਿੱਪੀ ਦਾ ਅਜਿਹਾ ਰੂਪ ਮਿਲਦਾ ਹੈ। ਪੁਰਾਤਨ ਦਸਮ ਬੀੜਾਂ 'ਚ ਕਬਹੂੰ ਦੀ ਥਾਂ ਤੇ ਕਬਹੂੰ ਅਥਵਾ ਕਬਹੂ ਰੂਪਾਂਤਰ ਵੀ ਲਿਖਿਆ ਹੋਯਾ ਮਿਲਦਾ ਹੈ।

੧੨ ਲਗਾਂ-ਮਾਤ੍ਰਾਵਾਂ ਦੇ ਵਾਂਗ ਅੱਧਕ ਵੀ ਇੱਕ ਵਿਸ਼ੇਸ਼ ਮਾਤ੍ਰਾ ੩੫ ਅੱਖਰਾਂ ਨੂੰ ਲੱਗੀ ਹੋਈ ਮਿਲਦੀ ਹੈ। ਜੋ ਕਲਗੀਧਰ ਜੀ ਦੇ ਸਮੇਂ ਲਗਭਗ ਪ੍ਰਚਲਿਤ ਹੋਈ ਸੀ। ਅੱਧਕ ਦਾ ਉੱਚਾਰਣ ਅਸਥਾਨ ਜ਼ੋਰਦਾਰ-ਤਾਲੂ ਹੈ। ਸੰਸਕ੍ਰਿਤ ਅਤੇ ਹਿੰਦੀ ਦੀ ਲਿੱਪੀ ਦੇਵਨਾਗਰੀ ਚ' ਜਿਵੇਂ ਇੱਕ ਅੱਖਰ ਪੂਰਾ ਅਤੇ ਦੂਸਰਾ ਓਹੀ ਅੱਖਰ ਅੱਧਾ ਲਿਖ ਕੇ ਸ਼ਬਦ ਦੀ ਬਣਤਰ ਬਣਾਈ ਜਾਂਦੀ ਹੈ, ਏਸੇ ਤਰ੍ਹਾਂ ਗੁਰਮੁਖੀ ਲਿੱਪੀ ਚ' ਅੱਖਰ ਉੱਪਰ ਅੱਧਕ ਦਾ ਨਿਸ਼ਾਨ, ਅੱਧੇ ਅੱਖਰ ਦੀ ਘਾਟ ਨੂੰ ਪੂਰਾ ਕਰਦਾ ਹੈ। ਉਦਾਹਰਣ ਤੌਰ ਤੇ "ਬੱਚਾ" ਸ਼ਬਦ ਲਿਖਣ ਸਮੇਂ ਗੁਰਮੁਖੀ ਲਿੱਪੀ 'ਚ "ਬੱਬੇ" ਅੱਖਰ ਉੱਪਰ ਅੱਧਕ ਲਿਖ ਕੇ "ਬੱਚਾ" ਸ਼ਬਦ ਲਿਖਿਆ ਜਾਵੇਗਾ ਅਤੇ ਦੇਵਨਾਗਰੀ ਲਿੱਪੀ ਚ' ਇੱਕ ਚੱਚਾ ਅੱਖਰ ਪੂਰਾ ਅਤੇ ਇੱਕ ਚੱਚਾ ਅੱਖਰ ਅੱਧਾ ਲਿਖ ਕੇ "बच्चा" ਸ਼ਬਦ ਲਿਖਿਆ ਜਾਵੇਗਾ। ਇੰਜ ਹੀ ਫ਼ਾਰਸੀ ਭਾਸ਼ਾ ਚ' ਸ਼ਬਦ ਦੀ ਯੋਗ-ਬਣਤਰ ਘੜਨ ਸਮੇਂ ਅੱਧਕ ਵਾਂਗ ਤਸ਼ਦੀਦ (ّ) ਦੀ ਵਰਤੋਂ ਕੀਤੀ ਜਾਂਦੀ ਹੈ। ਉਂਜ ਧਿਆਨ ਨਾਲ ਦੇਖਿਆ ਜਾਵੇ ਤਾਂ ਅੱਧਕ (ੱ) ਦਾ ਜਨਮ ਤਸ਼ਦੀਦ (ّ) ਤੋਂ ਹੀ ਹੋਇਆ ਜਾਪਦਾ ਹੈ।

ਕਈ ਵਿਦਵਾਨ ਅੱਧਕ ਦੇ ਜਨਮ ਬਾਬਤ ਇਹ ਭੀ ਕਹਿੰਦੇ ਹਨ ਕਿ ਅੱਧਕ ਦਾ ਜਨਮ ਦੇਵਨਾਗਰੀ ਲਿੱਪੀ ਦੇ ਚਾਂਦਬਿੰਦੂ ਤੋਂ (ँ) ਹੋਇਆ ਹੈ। ਪਰੰਤੂ ਅੱਧਕ ਅਤੇ ਚਾਂਦ-

ਬਿੰਦੂ ਦੇ ਲਿਖਣ ਦੀ ਬਣਤਰ ਦੇਖਣ ਨੂੰ ਭਾਵੇਂ ਇੱਕੋ ਜਿਹੀ ਪ੍ਰਤੀਤ ਹੁੰਦੀ ਹੈ, ਪਰ ਉੱਚਾਰਣ ਚ' ਜ਼ਮੀਨ ਅਸਮਾਨ ਦਾ ਫ਼ਰਕ ਹੈ। ਇਸ ਲਈ ਅੱਧਕ ਦਾ ਜਨਮ ਤਸ਼ਦੀਦ ਤੋਂ ਹੀ ਹੋਇਆ ਠੀਕ ਜਾਪਦਾ ਹੈ।

ਅੱਧਕ ਦੀ ਵਰਤੋਂ ਆਮ ਤੌਰ ਤੇ ਸ਼ਬਦ ਦੇ ਵਿੱਚ ਅੱਖਰ ਨੂੰ ਡਬਲ ਬਣਾਉਣ ਵਾਸਤੇ ਹੀ ਕੀਤੀ ਜਾਂਦੀ ਹੈ। ਪਰੰਤੂ ਕਈ ਵਾਰ ਕਾਵਿ-ਰਚਨਾ ਦਾ ਤੋਲ ਪੂਰਾ ਰੱਖਣ ਵਾਸਤੇ ਭੀ ਅੱਧਕ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਤੌਰ ਤੇ 'ਪਰਸਰਾਮ' ਦੀ ਜਗ੍ਹਾ ਉੱਪਰ 'ਪਰੱਸਰਾਮ', 'ਕਵਲ' ਦੀ ਜਗ੍ਹਾ ਉੱਪਰ 'ਕਵੱਲ' ਆਦਿਕ ਸ਼ਬਦਾਂ ਚ' ਅੱਧਕ ਦੀ ਵਰਤੋਂ ਹੋਈ ਮਿਲਦੀ ਹੈ। ਇੰਜ ਹੀ ਕਈ ਵਾਰ ਬਿੰਦੂ ਜਾਂ ਚਾਂਦਬਿੰਦੂ (ँ) ਦੀ ਜਗ੍ਹਾ ਉੱਪਰ ਭੀ ਅੱਧਕ ਦੀ ਵਰਤੋਂ ਕੀਤੀ ਹੋਈ ਪ੍ਰਤੀਤ ਹੁੰਦੀ ਹੈ। ਉਦਾਹਰਣ ਤੌਰ ਤੇ ਕੰਉ (ਕੱੱਉ) ਦੀ ਜਗ੍ਹਾ ਤੇ ਕੱਉ, ਜਹੰ (ਜਹँ) ਦੀ ਜਗ੍ਹਾ ਤੇ ਜਹੱ ਆਦਿਕ ਹਨ। ਪ੍ਰੰਤੂ ਏਨ੍ਹਾਂ ਸ਼ਬਦਾਂ ਵਿੱਚ ਵਰਤਿਆ ਹੋਇਆ ਅੱਧਕ ਦਾ ਚਿੰਨ, ਅੱਧਕ ਦੀ ਅਵਾਜ਼ ਨਹੀਂ ਦਿੰਦਾ, ਸਗੋਂ ਬਿੰਦੀ ਅਥਵਾ ਚਾਂਦਬਿੰਦੂ ਦੀ ਅਵਾਜ਼ ਦਿੰਦਾ ਹੈ। ਅਜੋਕੇ ਛਾਪੇ ਦੇ ਸਰੂਪਾਂ ਚ' ਜਿੱਥੇ 'ਕੰਉ' ਦੀ ਜਗ੍ਹਾ 'ਕੱਉ' ਅਥਵਾ ਬਿੰਦੀ ਦੀ ਅਥਵਾ ਚਾਂਦਬਿੰਦੂ ਜਗ੍ਹਾ ਤੇ ਅੱਧਕ ਲਿਖੀ ਮਿਲਦੀ ਹੈ। ਪੁਰਾਤਨ ਦਸਮ-ਬਾਣੀ ਅਤੇ ਇਤਿਹਾਸ ਦੇ ਲਿਖਤੀ ਗ੍ਰੰਥਾਂ ਚ' ਉੱਥੇ 'ਕੰਉ' ਦੀ ਜਗ੍ਹਾ ਤੇ 'ਕੱੱਉ' ਹੀ ਅਥਵਾ ਬਿੰਦੀ ਦੀ ਜਗ੍ਹਾ ਤੇ ਚਾਂਦਬਿੰਦੂ ਹੀ ਲਿਖਿਆ ਮਿਲਦਾ ਹੈ। ਇਸ ਤੋਂ ਸਿੱਧ ਹੈ ਕਿ ਹੌਲੀ-ਹੌਲੀ ਬਦਲ ਕੇ ਅਜੋਕੇ ਸਮੇਂ ਚ' ਚਾਂਦਬਿੰਦੂ ਦਾ ਚਿੰਨ੍ਹ ਵੀ ਅੱਧਕ ਦੇ ਚਿੰਨ੍ਹ ਵਰਗਾ ਬਣ ਗਿਆ ਹੈ। ਪ੍ਰੰਤੂ ਕੱਉ, ਹੱਉ ਅਜਿਹੇ ਸ਼ਬਦਾਂ ਚ' ਅੱਧਕ ਦੀ ਅਵਾਜ਼ ਬਿੰਦੀ ਅਥਵਾ ਚਾਂਦਬਿੰਦੂ ਵਰਗੀ ਹੀ ਬੋਲੀ ਜਾਂਦੀ ਹੈ। ਆਦਿ ਗੁਰਬਾਣੀ ਵਿੱਚ 'ਕੰਉ' (ਕੱੱਉ) ਦੀ ਜਗ੍ਹਾ ਉੱਪਰ "ਕੰਉ" ਰੂਪਾਂਤਰ ਵੀ ਲਿਖਿਆ ਹੋਯਾ ਮਿਲਦਾ ਹੈ।

(ਅ) ਵਿਅੰਜਨ :- ਜਿਨ੍ਹਾਂ ਅੱਖਰਾਂ ਦੇ ਉੱਚਾਰਣ ਸਮੇਂ ਹਵਾ ਮੂੰਹ ਦੇ ਕਿਸੇ ਹਿੱਸੇ ਨਾਲ ਟਕਰਾ ਕੇ, ਮੂੰਹ ਤੋਂ ਥੋੜ੍ਹੀ ਰੁਕ ਰੁਕ ਕੇ ਬਾਹਰ ਨਿਕਲੇ ਜਾਂ ਜਿੰਨਾਂ ਅੱਖਰਾਂ ਦਾ ਉੱਚਾਰਣ, ਸੂਰ ਅੱਖਰਾਂ ਦੀ ਸਹਾਇਤਾ ਨਾਲ ਹੋਵੇ, ਉਨ੍ਹਾਂ ਅੱਖਰਾਂ ਨੂੰ ਵਿਅੰਜਨ ਕਹਿੰਦੇ ਹਨ। ਉੱਚਾਰਣ ਦ੍ਰਿਸ਼ਟੀ ਅਨੁਸਾਰ ਵਿਅੰਜਨ ਤਿੰਨ ਪ੍ਰਕਾਰ ਦੇ ਹੰਦੇ ਹਨ।

੧. ਸ਼ਪਰਸ਼ ਵਿਅੰਜਨ:- ਜਿੰਨਾਂ ਵਿਅੰਜਨ ਅੱਖਰਾਂ ਦੇ ਉੱਚਾਰਣ ਸਮੇਂ ਜ਼ਬਾਨ ਮੂੰਹ ਦੇ ਵੱਖੋ-ਵੱਖਰੇ ਹਿੱਸਿਆਂ ਨਾਲ ਟਕਰਾਵੇ, ਉਨ੍ਹਾਂ ਵਿਅੰਜਨ ਅੱਖਰਾਂ ਨੂੰ ਸ਼ਪਰਸ਼ ਵਿਅੰਜਨ ਕਹਿੰਦੇ ਹਨ। ਕੱਕੇ ਤੋਂ ਲੈ ਕੇ ਮੰਮੇ ਅੱਖਰ ਤੱਕ ਏਹ ਸਾਰੇ ਸ਼ਪਰਸ਼ ਵਿਅੰਜਨ ਹਨ।

੨. ਅਨਤਸਥ ਵਿਅੰਜਨ:- ਜਿਨ੍ਹਾਂ ਵਿਅੰਜਨ ਅੱਖਰਾਂ ਦਾ ਉੱਚਾਰਣ ਸ਼ਪਰਸ਼ ਵਿਅੰਜਨ ਅਤੇ ਉਸ਼ਮ ਵਿਅੰਜਨਾਂ ਦੇ ਮੱਧਜ ਭਾਗ ਚ' ਹੁੰਦਾ ਹੈ, ਅਰਥਾਤ ਜਿਨ੍ਹਾਂ ਵਿਅੰਜਨਾਂ ਦਾ ਉੱਚਾਰਣ ਮੂੰਹ ਦੇ ਮੱਧ ਭਾਗ ਵਿਚ ਹੁੰਦਾ ਹੈ, ਉਨ੍ਹਾਂ ਵਿਅੰਜਨ ਅੱਖਰਾਂ ਨੂੰ ਅਨਤਸਥ ਵਿਅੰਜਨ ਕਹਿੰਦੇ ਹਨ। ਯ, ਰ, ਲ, ਵ ਏਹ ਸਾਰੇ ਅਨਤਸਥ ਵਿਅੰਜਨ ਹਨ।

੩. ਉਸ਼ਮ ਵਿਅੰਜਨ :- ਜਿਨ੍ਹਾਂ ਵਿਅੰਜਨ ਅੱਖਰਾਂ ਦੇ ਉੱਚਾਰਣ ਸਮੇਂ ਹਵਾ ਮੂੰਹ ਚੋਂ

ਗਰਮ ਹੋ ਕੇ ਬਾਹਰ ਨਿਕਲੇ, ਉਨ੍ਹਾਂ ਵਿਅੰਜਨ ਅੱਖਰਾਂ ਨੂੰ ਉਸ਼ਮ ਵਿਅੰਜਨ ਕਹਿੰਦੇ ਹਨ। ਸ਼, ਸ, ਹ ਏਹ ਸਾਰੇ ਉਸ਼ਮ ਵਿਅੰਜਨ ਹਨ।

ਨੋਟ:- ਉਪਰੋਕਤ ਵਿਅੰਜਨਾਂ ਵਿੱਚੋਂ ਙ, ਞ, ਣ, ਨ, ਮ ਏਹ ਪੰਜ ਅਨੁਨਾਸਿਕ ਵਿਅੰਜਨ ਹਨ ਅਤੇ ਪੈਰ ਚ ਵਰਤੋਂ ਵਾਲਾ ਹਾਹਾ (੍ਹ), ਹਲੰਤ (੍), ਰਾਰਾ (੍ਰ), ਵ (੍ਵ) ਆਦਿਕ ਏਹ ਸਾਰੇ ਦੁੱਤ ਵਿਅੰਜਨ ਅਥਵਾ ਦੁੱਤ ਅੱਖਰ ਅਖਵਾਉਂਦੇ ਹਨ। ਗੁਰਬਾਣੀ ਚ' ਇਨ੍ਹਾਂ ਦੁੱਤ ਵਿਅੰਜਨਾਂ ਤੋਂ ਇਲਾਵਾ ਅੱਖਰਾਂ ਦੇ ਪੈਰਾਂ ਵਿੱਚ ਤੱਤੇ (੍ਤ), ਚੱਚੇ (੍ਚ), ਟਟੇ (੍ਟ), ਨੰਨੇ (੍ਨ), ਯੱਯੇ (ਜ, ੍ਯ) ਆਦਿਕਾਂ ਦੀ ਵੀ ਵਰਤੋਂ ਹੋਈ ਵੀ ਮਿਲਦੀ ਹੈ। ਭਾਸ਼ਾ ਵਿਗਿਆਨੀ ਇਨ੍ਹਾਂ ਸਾਰੇ ਅੱਖਰਾਂ ਨੂੰ ਵੀ ਖ਼ਾਸ ਦੁੱਤ ਵਿਅੰਜਨ ਹੀ ਗਿਣਦੇ ਹਨ।

ਮਾਤ੍ਰਾ ਸੰਯੁਕਤ ਸੂਰ ਅੱਖਰਾਂ ਦਾ ਵਿਅੰਜਨ ਨਾਲ ਸਬੰਧ ਹੋਣ ਤੇ ਕਿਤੇ ਸੂਰ ਅੱਖਰਾਂ ਦਾ ਸਗਵਾਂ (ਸੰਪੂਰਨ) ਰੂਪ ਰਹਿੰਦਾ ਹੈ ਅਤੇ ਕਿਤੇ ਮਾਤ੍ਰਿਕ ਰੂਪ ਹੀ ਰਹਿ ਜਾਂਦਾ ਹੈ।

ਸਗਵਾਂ ਰੂਪ	**ਅ**	**ਆ**	**ਇ**	**ਈ**	**ਉ**	**ਊ**	**ਏ**	**ਐ**	**ਓ**	**ਔ**	**ਅੰ**	**ਆਂ**
	ਅਕਲ	ਆਸਾ	ਇਸਟ	ਈਸਰ	ਉਪਮਾ	ਊਂਘ	ਏਕਲ	ਐਬ	ਓਟ	ਔਖ	ਅੰਕ	ਆਂਬ
ਮਾਤ੍ਰਿਕ ਰੂਪ	ਸ	ਾ	ਿ	ੀ	ੁ	ੂ	ੇ	ੈ	ੋ	ੌ	ੰ	ਾਂ
	ਸਕਲ	ਮਾਸ	ਪਿਤਰ	ਖੀਰ	ਹੁਕਮ	ਤੂਰ	ਕੇਸਰ	ਮੈਗਲ	ਲੋਕ	ਪੌਲ	ਪੰਚ	ਕਾਂਮ

ਮਾਤ੍ਰਿਕ ਰੂਪ ਵੇਲੇ ਐੜੇ ਮੁਕਤੇ ਦਾ ਰੂਪ ਸ਼ਬਦ ਦੇ ਪਹਿਲੇ ਅੱਖਰ, ਬਲਕਿ ਸਾਰੇ ਅੱਖਰਾਂ ਵਿੱਚ ਛੁੱਪ ਕੇ ਰਹਿੰਦਾ ਹੈ। ਉੱਦਾਰਹਣ ਤੌਰ ਤੇ "ਸਕਲ" ਸ਼ਬਦ ਨੂੰ ਜਦ ਨਿਖੇੜਿਆ ਜਾਂਦਾ ਹੈ ਤਾਂ (ਸ+ਅ+ਕ+ਅ+ਲ+ਅ) ਏਹ ਵੱਖਰੀਆਂ-ਵੱਖਰੀਆਂ ਧੁਨੀਆਂ ਪ੍ਰਗਟ ਹੁੰਦੀਆਂ ਹਨ। ਕਹਿਣ ਤੋਂ ਭਾਵ ਹੈ ਕਿ ਸਾਰੇ ਵਿਅੰਜਨ ਅੱਖਰਾਂ ਚ' ਐੜਾ ਮੁਕਤਾ ਸੂਰ ਅੱਖਰ ਲੁਪਤ ਹੋ ਕੇ ਰਹਿੰਦਾ ਹੈ। ਸੰਸਕ੍ਰਿਤ ਭਾਸ਼ਾ ਦੇ ਵਿਦਵਾਨ ਜਦ ਕਿਸੇ ਵਿਅੰਜਨ ਅੱਖਰ ਨੂੰ ਐੜੇ ਸੂਰ ਤੋਂ ਬਿਨਾਂ ਲਿਖਦੇ ਹਨ ਤਾਂ ਉਹ ਵਿਅੰਜਨ ਅੱਖਰ ਦੇ ਪੈਰ ਚ' (੍) ਹਲੰਤ ਲਗਾ ਦਿੰਦੇ ਹਨ। ਉਦਾਹਰਣ ਤੌਰ ਤੇ ਮਮ ਸ਼ਬਦ ਦੇ ਦੋਨਾਂ ਮੰਮਿਆਂ ਅੱਖਰਾਂ ਚ' ਐੜਾ ਲੁਪਤ (ਮ+ਅ+ਮ+ਅ) ਹੈ। ਪਰੰਤੂ ਜਦ ਮਮ ਸ਼ਬਦ ਦਾ ਪਹਿਲਾ ਮੰਮਾ ਅੱਖਰ ਐੜੇ ਸੂਰ ਸਹਿਤ ਅਤੇ ਦੂਸਰਾ ਮੰਮਾ ਅੱਖਰ ਐੜੇ ਸੂਰ ਰਹਿਤ ਲਿਖਣਾ ਹੁੰਦਾ ਹੈ ਤਾਂ ਸੰਸਕ੍ਰਿਤ ਦੇ ਭਾਸ਼ਾ ਵਿਗਿਆਨੀ ਦੂਸਰੇ ਮੰਮੇ ਅੱਖਰ ਦੇ ਪੈਰ ਵਿੱਚ (੍) ਹਲੰਤ ਲਗਾ ਦਿੰਦੇ ਹਨ ਤਾਂ ਮਮ (ਸਸ) ਸ਼ਬਦ ਦਾ ਰੂਪ ਮਮ੍ (ਸਸ੍) ਬਣ ਜਾਂਦਾ ਹੀ। ਉਪਰੋਕਤ ਮਮ ਅਤੇ ਮਮ੍ ਦੋਨਾਂ ਸ਼ਬਦਾਂ ਦੇ ਉੱਚਾਰਣ ਦੇ ਸਬੰਧ ਵਿੱਚ ਫ਼ਰਕ ਸਿਰਫ਼ ਇਤਨਾ ਹੈ ਕਿ ਮਮ ਦੇ ਉੱਚਾਰਣ ਸਮੇਂ ਦੋਨੋ ਮੰਮੇ ਪੂਰੇ ਬੋਲੇ ਜਾਂਦੇ ਹਨ ਅਤੇ ਮਮ੍ ਦੇ ਉਚਾਰਣ ਸਮੇਂ ਹਲੰਤ ਦੇ ਸਹਿਤ ਮੰਮਾ ਅੱਧਾ (ਐੜੇ ਰਹਿਤ) ਬੋਲਿਆ ਜਾਂਦਾ ਹੈ।

ਕਈ ਵਿਦਵਾਨਾਂ ਦਾ ਏਹ ਵੀ ਖ਼ਿਆਲ ਹੈ ਕਿ ਸ਼ਬਦ ਨੂੰ ਹਿੰਦੀ ਭਾਸ਼ਾ ਚ' ਲਿਖਤੀ ਰੂਪ ਦੇਣ ਸਮੇਂ ਕੋਈ ਅੱਖਰ ਭਾਵੇਂ ਅੱਧਾ ਲਿਖ ਲਿਆ ਜਾਵੇ ਜਾਂ ਜਿਸ ਨੂੰ ਅੱਧਾ ਲਿਖਣਾ ਹੈ, ਉਸ ਅੱਖਰ ਦੇ ਪੈਰ ਵਿੱਚ ਹਲੰਤ ਲਗਾ ਦਿੱਤਾ ਜਾਵੇ ਤਾਂ ਉੱਚਾਰਣ ਦੋਨਾਂ ਰੂਪਾਂ ਚ'

ਇੱਕ ਬਰਾਬਰ ਹੀ ਹੁੰਦਾ ਹੈ। ਸੋ ਸੰਸਕ੍ਰਿਤ ਵਿੱਚ ਜਿਸ ਵਿਅੰਜਨ ਅੱਖਰ ਦੇ ਪੈਰ ਵਿੱਚ ਹਲੰਤ ਲਗ ਜਾਵੇ, ਉਸ ਵਿਅੰਜਨ ਅੱਖਰ ਦੀ ਅਵਾਜ਼ ਅੱਧੀ ਹੋ ਜਾਂਦੀ ਹੈ। ਉਦਾਹਰਣ ਤੌਰ ਤੇ "ਅਸਤ" ਲਫ਼ਜ਼ ਦਾ ਸੱਸਾ ਅੱਧਾ ਹੈ। ਇਸ "ਅਸਤ" ਲਫ਼ਜ਼ ਦੇ ਸੱਸੇ ਨੂੰ ਅੱਧਾ ਦਰਸਾਉਣ ਵਾਸਤੇ ਦੋ ਢੰਗ ਵਰਤੇ ਜਾਂਦੇ ਹਨ, ਪਹਿਲਾ "ਅਸ੍ਤ" ਅਤੇ ਦੂਸਰਾ ਅਸਤ ਦੇ ਸੱਸੇ ਦੇ ਪੈਰ ਚ' ਹਲੰਤ "ਅਸ੍ਤ"। ਅੱਧੇ ਅੱਖਰ ਦਾ ਭਾਵ ਹੁੰਦਾ ਹੈ ਕਿ ਵਿਅੰਜਨ ਅੱਖਰ ਚੋਂ ਐੜਾ ਅੱਖਰ ਲੁਪਤ ਕਰਨਾ। "ਅਸਤ" ਦੇ ਸੱਸੇ ਵਾਂਗ ਦੋਨਾਂ ਅੱਖਰਾਂ ਦੇ ਵਿਚਕਾਰ ਲਿਖਿਆ ਸੱਸਾ ਅੱਖਰ ਹਮੇਸ਼ਾ ਹੀ ਅੱਧਾ ਹੁੰਦਾ ਹੈ। ਉਦਾਹਰਣ ਤੌਰ ਤੇ ਅਸਤ, ਬਸਤ, ਲਸਤ ਆਦਿਕਾਂ ਦੇ ਵਿਚ ਵਰਤਿਆ 'ਸੱਸਾ' ਅੱਖਰ ਹਮੇਸ਼ਾ ਹੀ ਅੱਧਾ ਹੈ, ਇਹ ਸੱਸਾ ਅੱਖਰ ਭਾਵੇਂ ਹਲੰਤ ਦੇ ਸਹਿਤ ਹੋਵੇ, ਭਾਵੇਂ ਹਲੰਤ ਤੋਂ ਰਹਿਤ ਹੋਵੇ। ਏਹੀ ਕਾਰਨ ਹੈ ਕਿ ਗੁਰਬਾਣੀ ਚ' ਦੋਨਾਂ ਅੱਖਰਾਂ ਦੇ ਵਿਚਕਾਰਲੇ ਸੱਸੇ ਨੂੰ ਹਲੰਤ ਨਹੀਂ ਲਗਾਇਆ ਹੈ। ਗੁਰਬਾਣੀ ਅਤੇ ਸੰਸਕ੍ਰਿਤ ਵਿੱਚ ਹਲੰਤ (੍) ਦੀ ਮਹੱਤਤਾ ਬਾਰੇ ਅੱਗੇ "ਹਲੰਤ ਪ੍ਰਕਰਣ" ਚ' ਪੜ੍ਹੋ।

☬

ਸਕੰਧ ਤੀਜਾ

ਭੁਲਾਵੇਂ ਅੱਖਰ

ਸ	ਸ਼	ਛ	ਜ	ਜ਼
ਖ	ਖ਼	ਗ	ਗ਼	ਫ
ਫ਼	ਝ	ਲ਼	ਙ	ਅ
ਥ	ਘ	ਤ	ਠ	ਦ
ਹ	ਯ	ਨ	ਚ	ਣ
ਬ	ਲ	ਢ	ਰ	ਞ
ੳ	ਮ	ਪ	ਵ	ਕ
ਟ	ਭ	ੜ	ੲ	ਡ
ਓ	ਤ਼	ਧ	ਕ਼	ਅ਼

☬

ਸਕੰਧ ਚੌਥਾ

ਲਗਾਂ ਮਾਤ੍ਰਾਵਾਂ

ਮੁਕਤਾ	ਾ ਕੰਨਾ	ਿ ਸਿਹਾਰੀ
ੀ ਬਿਹਾਰੀ	ੁ ਔਂਕੜ	ੂ ਦੁਲੈਂਕੜ
ੇ ਲਾਂ	ੈ ਦੋਲਾਵਾਂ	ੋ ਹੋੜਾ
ੌ ਕਨੌੜਾ	ੰ ਟਿੱਪੀ	ਂ ਕੰਨਾ-ਬਿੰਦੀ
	ੱ ਅੱਧਕ	

☬

ਸਕੰਧ ਪੰਜਵਾਂ

ਮਾਤ੍ਰਾਵਾਂ ਦੇ ਸਮੇਤ ੩੫ ਅੱਖਰਾਂ ਦੇ ਅਭਿਆਸ ਕਰਨ ਨੂੰ ਮੁਹਾਰਨੀ ਕਹਿੰਦੇ ਹਨ। ਗੁਰਬਾਣੀ ਦਾ ਉੱਚਾਰਣ ਸ਼ੁੱਧ ਕਰਨ ਵਾਸਤੇ ਮੁਹਾਰਨੀ ਏਨੀ ਵਾਰ ਪੜ੍ਹਨੀ ਚਾਹੀਦੀ ਹੈ, ਜਿਸ ਨੂੰ ਪੜ੍ਹਦਿਆਂ ਪੜ੍ਹਦਿਆਂ ਮੁ=ਮੂੰਹ ਹਾਰਨੀ=ਥੱਕ ਜਾਵੇ।

ਮੁਹਾਰਨੀ

ਅ	ਆ	ਇ	ਈ	ਉ	ਊ	ਏ	ਐ	ਓ	ਔ	ਅੰ	ਆਂ
ਸ	ਸਾ	ਸਿ	ਸੀ	ਸੁ	ਸੂ	ਸੇ	ਸੈ	ਸੋ	ਸੌ	ਸੰ	ਸਾਂ
ਹ	ਹਾ	ਹਿ	ਹੀ	ਹੁ	ਹੂ	ਹੇ	ਹੈ	ਹੋ	ਹੌ	ਹੰ	ਹਾਂ
ਕ	ਕਾ	ਕਿ	ਕੀ	ਕੁ	ਕੂ	ਕੇ	ਕੈ	ਕੋ	ਕੌ	ਕੰ	ਕਾਂ
ਖ	ਖਾ	ਖਿ	ਖੀ	ਖੁ	ਖੂ	ਖੇ	ਖੈ	ਖੋ	ਖੌ	ਖੰ	ਖਾਂ
ਗ	ਗਾ	ਗਿ	ਗੀ	ਗੁ	ਗੂ	ਗੇ	ਗੈ	ਗੋ	ਗੌ	ਗੰ	ਗਾਂ
ਘ	ਘਾ	ਘਿ	ਘੀ	ਘੁ	ਘੂ	ਘੇ	ਘੈ	ਘੋ	ਘੌ	ਘੰ	ਘਾਂ
ਙ	ਙਾ	ਙਿ	ਙੀ	ਙੁ	ਙੂ	ਙੇ	ਙੈ	ਙੋ	ਙੌ	ਙੰ	ਙਾਂ
ਚ	ਚਾ	ਚਿ	ਚੀ	ਚੁ	ਚੂ	ਚੇ	ਚੈ	ਚੋ	ਚੌ	ਚੰ	ਚਾਂ
ਛ	ਛਾ	ਛਿ	ਛੀ	ਛੁ	ਛੂ	ਛੇ	ਛੈ	ਛੋ	ਛੌ	ਛੰ	ਛਾਂ
ਜ	ਜਾ	ਜਿ	ਜੀ	ਜੁ	ਜੂ	ਜੇ	ਜੈ	ਜੋ	ਜੌ	ਜੰ	ਜਾਂ
ਝ	ਝਾ	ਝਿ	ਝੀ	ਝੁ	ਝੂ	ਝੇ	ਝੈ	ਝੋ	ਝੌ	ਝੰ	ਝਾਂ
ਞ	ਞਾ	ਞਿ	ਞੀ	ਞੁ	ਞੂ	ਞੇ	ਞੈ	ਞੋ	ਞੌ	ਞੰ	ਞਾਂ
ਟ	ਟਾ	ਟਿ	ਟੀ	ਟੁ	ਟੂ	ਟੇ	ਟੈ	ਟੋ	ਟੌ	ਟੰ	ਟਾਂ
ਠ	ਠਾ	ਠਿ	ਠੀ	ਠੁ	ਠੂ	ਠੇ	ਠੈ	ਠੋ	ਠੌ	ਠੰ	ਠਾਂ
ਡ	ਡਾ	ਡਿ	ਡੀ	ਡੁ	ਡੂ	ਡੇ	ਡੈ	ਡੋ	ਡੌ	ਡੰ	ਡਾਂ
ਢ	ਢਾ	ਢਿ	ਢੀ	ਢੁ	ਢੂ	ਢੇ	ਢੈ	ਢੋ	ਢੌ	ਢੰ	ਢਾਂ
ਣ	ਣਾ	ਣਿ	ਣੀ	ਣੁ	ਣੂ	ਣੇ	ਣੈ	ਣੋ	ਣੌ	ਣੰ	ਣਾਂ
ਤ	ਤਾ	ਤਿ	ਤੀ	ਤੁ	ਤੂ	ਤੇ	ਤੈ	ਤੋ	ਤੌ	ਤੰ	ਤਾਂ

ਥ	ਥਾ	ਥਿ	ਥੀ	ਥੁ	ਥੂ	ਥੇ	ਥੈ	ਥੋ	ਥੌ	ਥੰ	ਥਾਂ
ਦ	ਦਾ	ਦਿ	ਦੀ	ਦੁ	ਦੂ	ਦੇ	ਦੈ	ਦੋ	ਦੌ	ਦੰ	ਦਾਂ
ਧ	ਧਾ	ਧਿ	ਧੀ	ਧੁ	ਧੂ	ਧੇ	ਧੈ	ਧੋ	ਧੌ	ਧੰ	ਧਾਂ
ਨ	ਨਾ	ਨਿ	ਨੀ	ਨੁ	ਨੂ	ਨੇ	ਨੈ	ਨੋ	ਨੌ	ਨੰ	ਨਾਂ
ਪ	ਪਾ	ਪਿ	ਪੀ	ਪੁ	ਪੂ	ਪੇ	ਪੈ	ਪੋ	ਪੌ	ਪੰ	ਪਾਂ
ਫ	ਫਾ	ਫਿ	ਫੀ	ਫੁ	ਫੂ	ਫੇ	ਫੈ	ਫੋ	ਫੌ	ਫੰ	ਫਾਂ
ਬ	ਬਾ	ਬਿ	ਬੀ	ਬੁ	ਬੂ	ਬੇ	ਬੈ	ਬੋ	ਬੌ	ਬੰ	ਬਾਂ
ਭ	ਭਾ	ਭਿ	ਭੀ	ਭੁ	ਭੂ	ਭੇ	ਭੈ	ਭੋ	ਭੌ	ਭੰ	ਭਾਂ
ਮ	ਮਾ	ਮਿ	ਮੀ	ਮੁ	ਮੂ	ਮੇ	ਮੈ	ਮੋ	ਮੌ	ਮੰ	ਮਾਂ
ਯ	ਯਾ	ਯਿ	ਯੀ	ਯੁ	ਯੂ	ਯੇ	ਯੈ	ਯੋ	ਯੌ	ਯੰ	ਯਾਂ
ਰ	ਰਾ	ਰਿ	ਰੀ	ਰੁ	ਰੂ	ਰੇ	ਰੈ	ਰੋ	ਰੌ	ਰੰ	ਰਾਂ
ਲ	ਲਾ	ਲਿ	ਲੀ	ਲੁ	ਲੂ	ਲੇ	ਲੈ	ਲੋ	ਲੌ	ਲੰ	ਲਾਂ

ਫ਼ਾਰਸੀ ਦੇ ਵਿਸ਼ੇਸ਼ ਅੱਖਰਾਂ ਦੀ ਮੁਹਾਰਨੀ

ਅ਼	ਆ਼	ਇ਼	ਈ਼	ਉ਼	ਊ਼	ਏ਼	ਐ਼	ਓ਼	ਔ਼	ਅ਼ੰ	ਆ਼ਂ
ਸ਼	ਸ਼ਾ	ਸ਼ਿ	ਸ਼ੀ	ਸ਼ੁ	ਸ਼ੂ	ਸ਼ੇ	ਸ਼ੈ	ਸ਼ੋ	ਸ਼ੌ	ਸ਼ੰ	ਸ਼ਾਂ
ਹ਼	ਹ਼ਾ	ਹ਼ਿ	ਹ਼ੀ	ਹ਼ੁ	ਹ਼ੂ	ਹ਼ੇ	ਹ਼ੈ	ਹ਼ੋ	ਹ਼ੌ	ਹ਼ੰ	ਹ਼ਾਂ
ਕ਼	ਕ਼ਾ	ਕ਼ਿ	ਕ਼ੀ	ਕ਼ੁ	ਕ਼ੂ	ਕ਼ੇ	ਕ਼ੈ	ਕ਼ੋ	ਕ਼ੌ	ਕ਼ੰ	ਕ਼ਾਂ
ਖ਼	ਖ਼ਾ	ਖ਼ਿ	ਖ਼ੀ	ਖ਼ੁ	ਖ਼ੂ	ਖ਼ੇ	ਖ਼ੈ	ਖ਼ੋ	ਖ਼ੌ	ਖ਼ੰ	ਖ਼ਾਂ
ਗ਼	ਗ਼ਾ	ਗ਼ਿ	ਗ਼ੀ	ਗ਼ੁ	ਗ਼ੂ	ਗ਼ੇ	ਗ਼ੈ	ਗ਼ੋ	ਗ਼ੌ	ਗ਼ੰ	ਗ਼ਾਂ
ਜ਼	ਜ਼ਾ	ਜ਼ਿ	ਜ਼ੀ	ਜ਼ੁ	ਜ਼ੂ	ਜ਼ੇ	ਜ਼ੈ	ਜ਼ੋ	ਜ਼ੌ	ਜ਼ੰ	ਜ਼ਾਂ
ੜ਼	ੜ਼ਾ	ੜ਼ਿ	ੜ਼ੀ	ੜ਼ੁ	ੜ਼ੂ	ੜ਼ੇ	ੜ਼ੈ	ੜ਼ੋ	ੜ਼ੌ	ੜ਼ੰ	ੜ਼ਾਂ
ਫ਼	ਫ਼ਾ	ਫ਼ਿ	ਫ਼ੀ	ਫ਼ੁ	ਫ਼ੂ	ਫ਼ੇ	ਫ਼ੈ	ਫ਼ੋ	ਫ਼ੌ	ਫ਼ੰ	ਫ਼ਾਂ
ਲ਼	ਲ਼ਾ	ਲ਼ਿ	ਲ਼ੀ	ਲ਼ੁ	ਲ਼ੂ	ਲ਼ੇ	ਲ਼ੈ	ਲ਼ੋ	ਲ਼ੌ	ਲ਼ੰ	ਲ਼ਾਂ

ਬਿੰਦੀ ਤੇ ਟਿੱਪੀ ਵਾਲੀ ਮੁਹਾਰਨੀ

ਅਂ	ਆਂ	ਇਂ	ਈਂ	ਉਂ	ਊਂ	ਏਂ	ਐਂ	ਓਂ	ਔਂ	ਅੰ	ਇੰ	ਉੰ
ਸਂ	ਸਾਂ	ਸਿਂ	ਸੀਂ	ਸੁਂ	ਸੂੰ	ਸੇਂ	ਸੈਂ	ਸੋਂ	ਸੌਂ	ਸੰ	ਸਿੰ	ਸੁੰ
ਹਂ	ਹਾਂ	ਹਿਂ	ਹੀਂ	ਹੁਂ	ਹੂੰ	ਹੇਂ	ਹੈਂ	ਹੋਂ	ਹੌਂ	ਹੰ	ਹਿੰ	ਹੁੰ
ਕਂ	ਕਾਂ	ਕਿਂ	ਕੀਂ	ਕੁਂ	ਕੂੰ	ਕੇਂ	ਕੈਂ	ਕੋਂ	ਕੌਂ	ਕੰ	ਕਿੰ	ਕੁੰ
ਖਂ	ਖਾਂ	ਖਿਂ	ਖੀਂ	ਖੁਂ	ਖੂੰ	ਖੇਂ	ਖੈਂ	ਖੋਂ	ਖੌਂ	ਖੰ	ਖਿੰ	ਖੁੰ

ਗਂ	ਗਾਂ	ਗਿਂ	ਗੀਂ	ਗੁਂ	ਗੂੰ	ਗੇਂ	ਗੈਂ	ਗੋਂ	ਗੌਂ	ਗੰ	ਗਿੰ	ਗੁੰ
ਘਂ	ਘਾਂ	ਘਿਂ	ਘੀਂ	ਘੁਂ	ਘੂੰ	ਘੇਂ	ਘੈਂ	ਘੋਂ	ਘੌਂ	ਘੰ	ਘਿੰ	ਘੁੰ
ਙਂ	ਙਾਂ	ਙਿਂ	ਙੀਂ	ਙੁਂ	ਙੂੰ	ਙੇਂ	ਙੈਂ	ਙੋਂ	ਙੌਂ	ਙੰ	ਙਿੰ	ਙੁੰ
ਚਂ	ਚਾਂ	ਚਿਂ	ਚੀਂ	ਚੁਂ	ਚੂੰ	ਚੇਂ	ਚੈਂ	ਚੋਂ	ਚੌਂ	ਚੰ	ਚਿੰ	ਚੁੰ
ਛਂ	ਛਾਂ	ਛਿਂ	ਛੀਂ	ਛੁਂ	ਛੂੰ	ਛੇਂ	ਛੈਂ	ਛੋਂ	ਛੌਂ	ਛੰ	ਛਿੰ	ਛੁੰ
ਜਂ	ਜਾਂ	ਜਿਂ	ਜੀਂ	ਜੁਂ	ਜੂੰ	ਜੇਂ	ਜੈਂ	ਜੋਂ	ਜੌਂ	ਜੰ	ਜਿੰ	ਜੁੰ
ਝਂ	ਝਾਂ	ਝਿਂ	ਝੀਂ	ਝੁਂ	ਝੂੰ	ਝੇਂ	ਝੈਂ	ਝੋਂ	ਝੌਂ	ਝੰ	ਝਿੰ	ਝੁੰ
ਞਂ	ਞਾਂ	ਞਿਂ	ਞੀਂ	ਞੁਂ	ਞੂੰ	ਞੇਂ	ਞੈਂ	ਞੋਂ	ਞੌਂ	ਞੰ	ਞਿੰ	ਞੁੰ
ਟਂ	ਟਾਂ	ਟਿਂ	ਟੀਂ	ਟੁਂ	ਟੂੰ	ਟੇਂ	ਟੈਂ	ਟੋਂ	ਟੌਂ	ਟੰ	ਟਿੰ	ਟੁੰ
ਠਂ	ਠਾਂ	ਠਿਂ	ਠੀਂ	ਠੁਂ	ਠੂੰ	ਠੇਂ	ਠੈਂ	ਠੋਂ	ਠੌਂ	ਠੰ	ਠਿੰ	ਠੁੰ
ਡਂ	ਡਾਂ	ਡਿਂ	ਡੀਂ	ਡੁਂ	ਡੂੰ	ਡੇਂ	ਡੈਂ	ਡੋਂ	ਡੌਂ	ਡੰ	ਡਿੰ	ਡੁੰ
ਢਂ	ਢਾਂ	ਢਿਂ	ਢੀਂ	ਢੁਂ	ਢੂੰ	ਢੇਂ	ਢੈਂ	ਢੋਂ	ਢੌਂ	ਢੰ	ਢਿੰ	ਢੁੰ
ਣਂ	ਣਾਂ	ਣਿਂ	ਣੀਂ	ਣੁਂ	ਣੂੰ	ਣੇਂ	ਣੈਂ	ਣੋਂ	ਣੌਂ	ਣੰ	ਣਿੰ	ਣੁੰ
ਤਂ	ਤਾਂ	ਤਿਂ	ਤੀਂ	ਤੁਂ	ਤੂੰ	ਤੇਂ	ਤੈਂ	ਤੋਂ	ਤੌਂ	ਤੰ	ਤਿੰ	ਤੁੰ
ਥਂ	ਥਾਂ	ਥਿਂ	ਥੀਂ	ਥੁਂ	ਥੂੰ	ਥੇਂ	ਥੈਂ	ਥੋਂ	ਥੌਂ	ਥੰ	ਥਿੰ	ਥੁੰ
ਦਂ	ਦਾਂ	ਦਿਂ	ਦੀਂ	ਦੁਂ	ਦੂੰ	ਦੇਂ	ਦੈਂ	ਦੋਂ	ਦੌਂ	ਦੰ	ਦਿੰ	ਦੁੰ
ਧਂ	ਧਾਂ	ਧਿਂ	ਧੀਂ	ਧੁਂ	ਧੂੰ	ਧੇਂ	ਧੈਂ	ਧੋਂ	ਧੌਂ	ਧੰ	ਧਿੰ	ਧੁੰ
ਨਂ	ਨਾਂ	ਨਿਂ	ਨੀਂ	ਨੁਂ	ਨੂੰ	ਨੇਂ	ਨੈਂ	ਨੋਂ	ਨੌਂ	ਨੰ	ਨਿੰ	ਨੁੰ
ਪਂ	ਪਾਂ	ਪਿਂ	ਪੀਂ	ਪੁਂ	ਪੂੰ	ਪੇਂ	ਪੈਂ	ਪੋਂ	ਪੌਂ	ਪੰ	ਪਿੰ	ਪੁੰ
ਫਂ	ਫਾਂ	ਫਿਂ	ਫੀਂ	ਫੁਂ	ਫੂੰ	ਫੇਂ	ਫੈਂ	ਫੋਂ	ਫੌਂ	ਫੰ	ਫਿੰ	ਫੁੰ
ਬਂ	ਬਾਂ	ਬਿਂ	ਬੀਂ	ਬੁਂ	ਬੂੰ	ਬੇਂ	ਬੈਂ	ਬੋਂ	ਬੌਂ	ਬੰ	ਬਿੰ	ਬੁੰ
ਭਂ	ਭਾਂ	ਭਿਂ	ਭੀਂ	ਭੁਂ	ਭੂੰ	ਭੇਂ	ਭੈਂ	ਭੋਂ	ਭੌਂ	ਭੰ	ਭਿੰ	ਭੁੰ
ਮਂ	ਮਾਂ	ਮਿਂ	ਮੀਂ	ਮੁਂ	ਮੂੰ	ਮੇਂ	ਮੈਂ	ਮੋਂ	ਮੌਂ	ਮੰ	ਮਿੰ	ਮੁੰ
ਯਂ	ਯਾਂ	ਯਿਂ	ਯੀਂ	ਯੁਂ	ਯੂੰ	ਯੇਂ	ਯੈਂ	ਯੋਂ	ਯੌਂ	ਯੰ	ਯਿੰ	ਯੁੰ
ਰਂ	ਰਾਂ	ਰਿਂ	ਰੀਂ	ਰੁਂ	ਰੂੰ	ਰੇਂ	ਰੈਂ	ਰੋਂ	ਰੌਂ	ਰੰ	ਰਾਂ	ਰੁੰ
ਲਂ	ਲਾਂ	ਲਿਂ	ਲੀਂ	ਲੁਂ	ਲੂੰ	ਲੇਂ	ਲੈਂ	ਲੋਂ	ਲੌਂ	ਲੰ	ਲਿੰ	ਲੁੰ
ਵਂ	ਵਾਂ	ਵਿਂ	ਵੀਂ	ਵੁਂ	ਵੂੰ	ਵੇਂ	ਵੈਂ	ਵੋਂ	ਵੌਂ	ਵੰ	ਵਿੰ	ਵੁੰ
ੜਂ	ੜਾਂ	ੜਿਂ	ੜੀਂ	ੜੁਂ	ੜੂੰ	ੜੇਂ	ੜੈਂ	ੜੋਂ	ੜੌਂ	ੜੰ	ੜਿੰ	ੜੁੰ

ਸਕੰਧ ਛੇਂਵਾਂ

ਮੁਕਤਾ ਲਗਾ ਮਾਤ੍ਰਾਵਾਂ ਵਿੱਚੋਂ ਪਹਿਲੀ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਮੁਕਤੇ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਮੁਕਤੇ ਵਾਲੇ ਦੋ ਅੱਖਰੇ ਸ਼ਬਦ

ਘਰ	ਘਰੇ	ਕਰਿ	ਜਲੁ	ਸਦ	ਜਸੁ	ਦਰੁ
ਘਰਾ	ਘਰੈ	ਹਰਿ	ਥਲੁ	ਸਤੁ	ਜਗੁ	ਦਤੁ
ਘਰਿ	ਘਰੋ	ਮਰਿ	ਮਲ	ਸਭੁ	ਜਪੁ	ਧਨੁ
ਘਰੀ	ਘਰੌ	ਤਹਿ	ਥਲਿ	ਸਰਾ	ਤਨੁ	ਪਤੁ
ਘਰੁ	ਘਰੰ	ਡਰਿ	ਸਚੁ	ਜਨੁ	ਤਪੁ	ਭਉ
ਘਰੂ	ਘਰਾਂ	ਕਸ	ਹਥਿ	ਨਸਿ	ਫਸਿ	ਬਸਿ

ਮੁਕਤੇ ਵਾਲੇ ਤਿੰਨ ਅੱਖਰੇ ਸ਼ਬਦ

ਅਸੰਖ	ਅਸੰਖੇ	ਅਗੰਮ	ਸਗਲ	ਕਪੜੁ	ਕਰਮੀ
ਅਸੰਖਾ	ਅਸੰਖੈ	ਅਨੇਕ	ਸਹਸ	ਕਥਨੁ	ਚਲਾਵੈ
ਅਸੰਖਿ	ਅਸੰਖੋ	ਅਕਾਲ	ਅਪਾਰੁ	ਸਬਦੁ	ਬਹਿਠੀ
ਅਸੰਖੀ	ਅਸੰਖੌ	ਅਮੁਲੂ	ਅਮੁਲ	ਸਰਮੁ	ਕਰਮਾ
ਅਸੰਖੁ	ਅਸੰਖੰ	ਅਗਨਿ	ਅਵਰਾ	ਸਲੋਕੁ	ਕਵਣੁ
ਅਸੰਖੂ	ਅਸੰਖਾਂ	ਗਇਆ	ਗਰੰਥ	ਜਪੰਥ	ਪਵਣੁ

ਮੁਕਤੇ ਵਾਲੇ ਚਾਰ ਅੱਖਰ ਸ਼ਬਦ

ਅਸਗਾਹ	ਅਸਗਾਹੇ	ਅਹਰਣਿ	ਕਹੀਅਨਿ	ਚਲਾਵਹਿ	ਜਗਦੀਸ
ਅਸਗਾਹਾ	ਅਸਗਾਹੈ	ਅਠਾਰਹ	ਸਨਬੰਧੁ	ਗਲਵਢ	ਦਰਬਾਰੁ
ਅਸਗਾਹਿ	ਅਸਗਾਹੋ	ਅਨਾਹਤਿ	ਸਲਾਮਤਿ	ਘੜੀਅਹਿ	ਸਮਾਨਾਨਾ
ਅਸਗਾਹੀ	ਅਸਗਾਹੌ	ਅਠਸਠਿ	ਹਥੀਆਰੁ	ਰਸੁਨਥੇ	ਪਰਗਟੁ
ਅਸਗਾਹੁ	ਅਸਗਾਹੰ	ਸਤਿਗੁਰੁ	ਸਚਿਆਰੁ	ਦਰਸਨ	ਪਰਗਾਸ਼ਾ
ਅਸਗਾਹੂ	ਅਸਗਾਹਾਂ	ਪਰਾਨਥ	ਕਹਾਵਥ	ਅਰਧਾਭਾ	ਅਚਰਜ

ਸਕੰਧ ਸਤਵਾਂ

ਕੰਨਾ (ਾ) ਲਗਾ ਮਾਤ੍ਰਾਵਾਂ ਵਿੱਚੋਂ ਦੂਸਰੀ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਕੰਨੇ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਕੰਨੇ (ਾ) ਵਾਲੇ ਦੋ ਅੱਖਰੇ ਸ਼ਬਦ

ਆਸ	ਆਸੇ	ਸਾਹੁ	ਸਾਰੁ	ਜਾਉ	ਜਾਇ	ਲਾਇ
ਆਸਾ	ਆਸੈ	ਪਾਸੁ	ਮਾਹੁ	ਹਾਥੁ	ਪਾਉ	ਮਾਇ
ਆਸਿ	ਆਸੋ	ਪਾਸਿ	ਜਾਹੁ	ਹਾਰੁ	ਖਾਇ	ਆਇ
ਆਸੀ	ਆਸੌ	ਪਾਹਿ	ਨਾਉ	ਹਾਣੁ	ਵਾਉ	ਜਾਉ
ਆਸੁ	ਆਸੰ	ਪਾਇ	ਹਾਇ	ਮਾਣੁ	ਤਾਉ	ਚਾਉ
ਆਸੂ	ਆਸਾਂ	ਕਾਰ੍ਾ	ਨ੍ਾਵਾ	ਕਾਨ੍	ਗਾਹੁ	ਗਾਰ੍

ਕੰਨੇ (ਾ) ਵਾਲੇ ਤਿੰਨ ਅੱਖਰੇ ਸ਼ਬਦ

ਆਪਾਰ	ਆਪਾਰੇ	ਪਾਤਾਲ	ਸਾਹਿਬੁ	ਆਵਹਿ	ਖਾਇਕੁ
ਆਪਾਰਾ	ਆਪਾਰੈ	ਆਸਣੁ	ਆਵਹੁ	ਸਾਧਾਰੁ	ਜਾਵਹਿ
ਆਪਾਰਿ	ਆਪਾਰੋ	ਆਕਾਰੁ	ਜਾਵਹੁ	ਸਾਲਾਹਿ	ਗਾਵਹਿ
ਆਪਾਰੀ	ਆਪਾਰੌ	ਆਖਣਿ	ਆਗਾਸ	ਸਾਬੂਣੁ	ਪਾਵਹਿ
ਆਪਾਰੁ	ਆਪਾਰੰ	ਆਦੇਸੁ	ਸਾਸਤ	ਹਾਦਰਾ	ਨਾਵਹਿ
ਆਪਾਰੂ	ਆਪਾਰਾਂ	ਕਾਗਦਿ	ਖਾਵੰਦਾ	ਗਾਵਨਿ	ਗਾਵਹੇ

ਕੰਨੇ (ਾ) ਵਾਲੇ ਚਾਰ ਅੱਖਰੇ ਸ਼ਬਦ

ਕਾਮਾਰਥ	ਕਾਮਾਰਥੇ	ਆਖੀਅਹਿ	ਬਾਸਦੇਵ	ਛਾਇਅਉ	ਆਦ੍ਰਿਸਟ
ਕਾਮਾਰਥਾ	ਕਾਮਾਰਥੈ	ਵਾਪਾਰੀਏ	ਸਾਵਧਾਨ	ਪਾਰਜਾਤੁ	ਪ੍ਰਾਣਪਤਿ
ਕਾਮਾਰਥਿ	ਕਾਮਾਰਥੋ	ਪਾਰਾਵਾਰੁ	ਆਬਾਦਾਨ	ਸਾਸਤ੍ਰਗਿ	ਨਾਰਾਇਣੇ
ਕਾਮਾਰਥੀ	ਕਾਮਾਰਥੌ	ਸਾਲਾਹਣੁ	ਆਸੂਮਾਈ	ਆਵਨਹੀ	ਤਤ੍ਰਾਗਤ
ਕਾਮਾਰਥੁ	ਕਾਮਾਰਥੰ	ਪਾਰਬ੍ਰਹਮੁ	ਆਸਾਵੰਤੀ	ਸਮ੍ਾਰਿਆ	ਪਾਪਿਸਟ
ਕਾਮਾਰਥੂ	ਕਾਮਾਰਥਾਂ	ਸਾਲਾਹਿਹੁ	ਆਗਾਮਨਿ	ਆਲਿਸਟ	ਪਾਰਬ੍ਰਹਮੰ

ਸਕੰਧ ਅਠਵਾਂ

ਸਿਹਾਰੀ (ਿ) ਲਗਾ ਮਾਤ੍ਰਾਵਾਂ ਵਿੱਚੋਂ ਤੀਸਰੀ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਸਿਹਾਰੀ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਸਿਹਾਰੀ (ਿ) ਵਾਲੇ ਦੋ ਅੱਖਰੇ ਸ਼ਬਦ

ਇਕ	ਇਕੇ	ਜਿਨਿ	ਕਿਹੱ	ਮਿਤੁ	ਇਹੁ	ਛਿਅ
ਇਕਾ	ਇਕੈ	ਤਿਨਿ	ਸਿਉ	ਤਿਹ	ਕਿਛੁ	ਜਿਸੁ
ਇਕਿ	ਇਕੋ	ਰਿਦ	ਨਿਧਿ	ਤਿਥਿ	ਮਿਲਿ	ਨਿਜ
ਇਕੀ	ਇਕੌ	ਨਿਤ	ਜਿਤੁ	ਕਿਛੁ	ਚਿਤੁ	ਤਿਤੁ
ਇਕੁ	ਇਕੰ	ਮਿਤ੍ਰ	ਇਤੀ	ਕਿਅ	ਹਿਤੁ	ਬਿਨੁ
ਇਕੂ	ਇਕਾਂ	ਜਿਣਿ	ਥਿਤੀਂ	ਨਿਤਿ	ਮਿਤੁ	ਜਿਵ

ਸਿਹਾਰੀ (ਿ) ਵਾਲੇ ਤਿੰਨ ਅੱਖਰੇ ਸ਼ਬਦ

ਇਕੀਸ	ਇਕੀਸੇ	ਨਿਹਾਲ	ਗਿਆਨੁ	ਸਿਮ੍ਰਿਤਿ	ਦਿਹਾੜਾ
ਇਕੀਸਾ	ਇਕੀਸੈ	ਦਿਆਲ	ਸਿਮਰੁ	ਜਿਨਸੀ	ਨਿਦਾਨ
ਇਕੀਸਿ	ਇਕੀਸੋ	ਫਿਰਤ	ਸਿਰਠੀ	ਧਿਆਨੁ	ਤਿਨਛੇ
ਇਕੀਸੀ	ਇਕੀਸੌ	ਸਿਫਤਿ	ਮਿਸਟ	ਨਿਧਾਨੁ	ਇਕਸੁ
ਇਕੀਸੁ	ਇਕੀਸੰ	ਬਿਹੀਨ	ਬਿਸਲ	ਪਿਆਰੁ	ਨਿਬੇੜੇ
ਇਕੀਸੂ	ਇਕੀਸਾਂ	ਬਿਅੰਤ	ਬਿਭੂਤਿ	ਵਿਗਾਸੁ	ਗਿਰਾਸਾ

ਸਿਹਾਰੀ (ਿ) ਵਾਲੇ ਚਾਰ ਅੱਖਰੇ ਸ਼ਬਦ

ਦਿਗੰਬਰ	ਦਿਗੰਬਰੇ	ਪਿਰਹੜੀ	ਬਿਦੁਅੰਸੀ	ਹਿਰਾਸੁਲ	ਨਿਹਾਰੀਐ
ਦਿਗੰਬਰਾ	ਦਿਗੰਬਰੈ	ਨਿਹਾਲਹਿ	ਛਿਰਾਤ੍ਰੀਣ	ਜਿਮੀਨੁਲ	ਨਿਰੂਪੀਐ
ਦਿਗੰਬਰਿ	ਦਿਗੰਬਰੋ	ਸਿਸੀਅਰ	ਕਿਰਪਾਲੁ	ਹਿਤਿਆਰੀ	ਚਿਤਾਰਿਐ
ਦਿਗੰਬਰੀ	ਦਿਗੰਬਰੌ	ਬਿਖਯੰਤ	ਵਿਗਸਿਆ	ਹਿਰਹਟ	ਦਿਵਾਇਐ
ਦਿਗੰਬਰੁ	ਦਿਗੰਬਰੰ	ਬਿਨਵੰਤਿ	ਮਿਠਿਆਈ	ਸਿਹਜਾਇ	ਨਿਹਾਲੀਐ
ਦਿਗੰਬਰੂ	ਦਿਗੰਬਰਾਂ	ਦਿਗੰਬਰੁ	ਸਿਵਾਣੀਐ	ਸਿਮਰੀਐ	ਧਿਆਈਐ

ਸਕੰਧ ਨਾਂਵਾਂ

ਬਿਹਾਰੀ (ੀ) ਲਗਾ ਮਾਤ੍ਰਾਵਾਂ ਵਿੱਚੋਂ ਚੌਥੀ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਬਿਹਾਰੀ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਬਿਹਾਰੀ (ੀ) ਵਾਲੇ ਦੋ ਅੱਖਰੇ ਸ਼ਬਦ

ਨੀਚ	ਨੀਚੇ	ਜੀਅ	ਧੀਰ	ਜੀਹ	ਖੀਨੁ	ਧੀਰੁ
ਨੀਚਾ	ਨੀਚੈ	ਸੀਲੁ	ਜੀਉ	ਜੀਇ	ਕੀਟੁ	ਭੀਤੁ
ਨੀਚਿ	ਨੀਚੋ	ਸੀਤੋ	ਵੀਸ	ਠੀਸ	ਜੀਤੁ	ਮੀਤ
ਨੀਚੀ	ਨੀਚੌ	ਜੀਭੌ	ਹੀਉ	ਮੀਨੁ	ਕੀਨ	ਤੀਰੁ
ਨੀਚੁ	ਨੀਚੰ	ਹੀੜੁ	ਜੀਤੰ	ਹੀਨ	ਦੀਨੈ	ਚੀਤੁ
ਨੀਚੂ	ਨੀਚਾ	ਲੀਨੈ	ਸੀਸ	ਹੀਤ	ਨੀਤ	ਦੀਪੋ

ਬਿਹਾਰੀ (ੀ) ਵਾਲੇ ਤਿੰਨ ਅੱਖਰੇ ਸ਼ਬਦ

ਬੀਚਾਰ	ਬੀਚਾਰੇ	ਚੀਨਤ	ਦੀਬਾਣੂ	ਨੀਦੜੀ	ਨੀਝਰ
ਬੀਚਾਰਾ	ਬੀਚਾਰੈ	ਦੀਸਹਿ	ਤੀਰਥੁ	ਬੀਠੁਰਾ	ਬੀਰਜ
ਬੀਚਾਰਿ	ਬੀਚਾਰੋ	ਭੀਤਰਿ	ਸੀਤਲੁ	ਜੀਰਾਂਦਿ	ਹਬੀਆ
ਬੀਚਾਰੀ	ਬੀਚਾਰੌ	ਧੀਰਜੁ	ਕੀਤੋਮੂ	ਕੀਚੜਿ	ਦਿਤੜੀ
ਬੀਚਾਰੁ	ਬੀਚਾਰੰ	ਜੀਆਇ	ਕੀਤਿਆ	ਕੀਓਇ	ਛਤੀਹ
ਬੀਚਾਰੂ	ਬੀਚਾਰਾਂ	ਪੀਵਹਿ	ਜੀਰਾਣ	ਦੀਹੜਾ	ਛਿਜਈ

ਬਿਹਾਰੀ (ੀ) ਵਾਲੇ ਚਾਰ ਅੱਖਰੇ ਸ਼ਬਦ

ਬੀਆਹਨ	ਬੀਆਹਨੇ	ਗਨੀਅਹਿ	ਭੀਹਾਵਲਿ	ਮਹੀਅਉ	ਕੀਰਤਨ
ਬੀਆਹਨਾ	ਬੀਆਹਨੈ	ਬੀਚਾਰਿਆ	ਜੀਵਣਹ	ਲੀਜਹਿਗੇ	ਬੀਚਾਰਸੀ
ਬੀਆਹਨਿ	ਬੀਆਹਨੋ	ਵੀਹਾਜਿਅ	ਵੀਸਰਹਿ	ਵੀਚਾਰੋਵਾ	ਨੀਘਰਿਆ
ਬੀਆਹਨੀ	ਬੀਆਹਨੌ	ਸੀਤਲੋਹੀ	ਦੀਬਾਣਹੁ	ਰਮਈਏ	ਪਪੀਲਕਾ
ਬੀਆਹਨੁ	ਬੀਆਹਨੰ	ਜੀਵਾਲਦਾ	ਜੀਅੜਿਆ	ਭਗਤੀਜਾ	ਬੀਚਾਰਦੇ
ਬੀਆਹਨੂ	ਬੀਆਹਨਾਂ	ਜੀਤਿਓਹਿ	ਜੀਤਿਅਨੁ	ਮੁਮਾਰਖੀ	ਪੂਛਉਗੀ

ਸਕੰਧ ਦਸਵਾਂ

ਔਂਕੜ (_) ਲਗਾ ਮਾਤ੍ਰਾਵਾਂ ਵਿੱਚੋਂ ਪੰਜਵੀਂ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਔਂਕੜ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਔਂਕੜ (-) ਵਾਲੇ ਦੋ ਅੱਖਰੇ ਸ਼ਬਦ

ਗੁਰ	ਗੁਰੇ	ਕੁਲੁ	ਸੁਖੁ	ਦੁਈ	ਡੁਐ	ਬੁਧਾ
ਗੁਰਾ	ਗੁਰੈ	ਤੁਅ	ਮੁਸਿ	ਸੁਅ	ਸੁਐ	ਚਲੁ
ਗੁਰਿ	ਗੁਰੋ	ਧੁਰਿ	ਜੁਗਿ	ਕੁਯ	ਹੁਐ	ਦੁਖੰ
ਗੁਰੀ	ਗੁਰੌ	ਦੁਖੁ	ਮੁਹਿ	ਸੁਏ	ਤੁਲਿ	ਤੁਹਿ
ਗੁਰੁ	ਗੁਰੰ	ਤੁਯੰ	ਬੁਧੁੰ	ਸੁਰ	ਸੁੋਈ	ਮੁਏ
ਗੁਰੂ	ਗੁਰਾਂ	ਉਦੂ	ਸੁਹਿ	ਪੁਨ	ਸੁਝਿ	ਪੁਜ

ਔਂਕੜ (-) ਵਾਲੇ ਤਿੰਨ ਅੱਖਰੇ ਸ਼ਬਦ

ਦੁਆਰ	ਦੁਆਰੇ	ਉਦਉ	ਦੁਇਐ	ਭੁਯੰਗ	ਦੁਹਿਤਾ
ਦੁਆਰਾ	ਦੁਆਰੈ	ਹੁਯਉ	ਭੁਯੰਗੰ	ਸੁਪਨੋ	ਸੁਗੰਧੁ
ਦੁਆਰਿ	ਦੁਆਰੋ	ਗੁਮਾਯ	ਗੁਣਗੁ	ਸੁਆਉ	ਦੁਤਅੰ
ਦੁਆਰੀ	ਦੁਆਰੌ	ਸੁਈਏ	ਉਮਡ	ਸੁਥਾਨੁ	ਗੁਨੀਯ
ਦੁਆਰੁ	ਦੁਆਰੰ	ਯੁਗਤੀ	ਉਨਹੁੰ	ਜੁਗਾਦਿ	ਸੁਹੰਦਾ
ਦੁਆਰੂ	ਦੁਆਰਾਂ	ਮੁਕਰ	ਜੁਗਤੇ	ਮੁਕਤੇ	ਭੁਗਤਾ

ਔਂਕੜ (-) ਵਾਲੇ ਚਾਰ ਅੱਖਰੇ ਸ਼ਬਦ

ਗੁਰੁਮੁਖ	ਗੁਰੁਮੁਖੇ	ਉਭਿਸੁਕ	ਕੁਰਬਾਣੁ	ਮੁਹਥਈ	ਉਮਾਹਓ
ਗੁਰੁਮੁਖਾ	ਗੁਰੁਮੁਖੈ	ਉਪਜੰਤ	ਸੁਬਿਦਿਆ	ਗੁਰਮੁਖੀ	ਸੁਰਸਤੀ
ਗੁਰੁਮੁਖਿ	ਗੁਰੁਮੁਖੋ	ਉਚਰਦੀ	ਸੁਬਹਾਨੁ	ਉਧਰਣੰ	ਸੁਣਿਅਹੁ
ਗੁਰੁਮੁਖੀ	ਗੁਰੁਮੁਖੌ	ਉਭਕਲੇ	ਸੁਣਾਇਹਿ	ਬੁਡਥਈ	ਸੁਆਲਿਉ
ਗੁਰੁਮੁਖੁ	ਗੁਰੁਮੁਖੰ	ਖੁਲਹਾਨੁ	ਸੁਲਤਾਨ	ਕੁਰਬਾਣੁ	ਅਖੁਟਉ
ਗੁਰੁਮੁਖੂ	ਗੁਰੁਮੁਖਾਂ	ਉਸਤਤਿ	ਉਵਟੀਐ	ਉਵਤਿਆ	ਅਫਵੁਲ

ਸਕੰਧ ਗਿਆਰਵਾਂ

ਦੁਲੈਂਕੜ (_) ਲਗਾ ਮਾਤ੍ਰਾਵਾਂ ਵਿੱਚੋਂ ਛੇਂਵੀਂ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਦੁਲੈਂਕੜ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਦੁਲੈਂਕੜ (=) ਵਾਲੇ ਦੋ ਅੱਖਰੇ ਸ਼ਬਦ

ਦੂਰ	ਦੂਰੇ	ਜੂਹ	ਫੂਟ	ਬੂਡੇ	ਭੂਮਿ	ਊਂਟ	ਕੂਟਿ
ਦੂਰਾ	ਦੂਰੈ	ਰੂਪੁ	ਖ਼ੂਨ	ਝੂਠੁ	ਭੂਅ	ਬੂਡਿ	ਮੂੰਡ
ਦੂਰਿ	ਦੂਰੋ	ਮੂਐ	ਫੂਕਿ	ਊਖਾ	ਮੂੰਦਿ	ਜੂਪ	ਬੂਡਿ
ਦੂਰੀ	ਦੂਰੌ	ਛੂਟਿ	ਕੂਕਿ	ਨੂਖਾ	ਜੂਝਿ	ਟੂਟਿ	ਮੂੜ੍
ਦੂਰੁ	ਦੂਰੰ	ਕੂੜਿ	ਲੂਝੇ	ਜੂਝੇ	ਛੂਏ	ਮੂਏ	ਕੂਕਿ
ਦੂਰੂ	ਦੂਰਾਂ	ਲੂਟਿ	ਪੂਤੁ	ਝੂਮਿ	ਰੂਹਾਂ	ਰੂਪੀ	ਭੂਪ

ਦੁਲੈਂਕੜ (=) ਵਾਲੇ ਤਿੰਨ ਅੱਖਰੇ ਸ਼ਬਦ

ਮੂਰਖ	ਮੂਰਖੇ	ਊਧਉ	ਭੂਚਰ	ਊਚਉ	ਬੂਝਹਿ
ਮੂਰਖਾ	ਮੂਰਖੈ	ਊਨਮੁ	ਪੂਰਬ	ਘੂਘਟੁ	ਊਗਮ
ਮੂਰਖਿ	ਮੂਰਖੋ	ਬੂਡਤੇ	ਡੂਗਰ	ਪੂਛਉ	ਬਿਭੂਤ
ਮੂਰਖੀ	ਮੂਰਖੌ	ਢੂਢੇਹਿ	ਬੂਝਹਿ	ਜੂਝਹਿ	ਅਨੂਪ
ਮੂਰਖੁ	ਮੂਰਖੰ	ਊਤਮੁ	ਝੂਲਤ	ਸਰੂਪ	ਅਧੂਤ
ਮੂਰਖੂ	ਮੂਰਖਾਂ	ਪੂਰਨ	ਊਠਤ	ਊਪਰਿ	ਅਭੂਤ

ਦੁਲੈਂਕੜ (=) ਵਾਲੇ ਚਾਰ ਅੱਖਰੇ ਸ਼ਬਦ

ਕੂੜਿਆਰ	ਕੂੜਿਆਰੇ	ਦੂਧਾਧਾਰੀ	ਭੂਮਾਸੁਰ	ਮਉਜੂਦ	ਅਠੂਹਿਆ
ਕੂੜਿਆਰਾ	ਕੂੜਿਆਰੈ	ਡੂਬੀਅਲੇ	ਮੂਸਹੁਗੇ	ਸੂਰਤਣੁ	ਅਸਰੂਪ
ਕੂੜਿਆਰਿ	ਕੂੜਿਆਰੋ	ਢੂਢਿਅਉ	ਛੂਟਸਰਿ	ਵਾਹਿਗੁਰੂ	ਅਗਹੂਚਾ
ਕੂੜਿਆਰੀ	ਕੂੜਿਆਰੌ	ਪੂਛਉਗੀ	ਰੂਆਇਦਾ	ਸੁਰਖਰੂ	ਅਵਧੂਤ
ਕੂੜਿਆਰੁ	ਕੂੜਿਆਰੰ	ਬੂਝਾਇਹਿ	ਕੂੜਿਆਰ	ਮੂਰਛਨਾ	ਸਤਿਗੁਰੂ
ਕੂੜਿਆਰੂ	ਕੂੜਿਆਰਾ	ਘੂਮਾਇਦੇ	ਕੂੜਾਵੀਯਾ	ਅਪਰਾਧੁ	ਸਾਰਦੂਲ

ਸਕੰਧ ਬਾਂਰਵਾਂ

ਲਾਂ (ੇ) ਲਗਾ ਮਾਤ੍ਰਾਵਾਂ ਵਿੱਚੋਂ ਸਤਵੀਂ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਲਾਂ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਲਾਂ (ੇ) ਵਾਲੇ ਦੋ ਅੱਖਰੇ ਸ਼ਬਦ

ਦੇਖ	ਦੇਖੇ	ਮੇਲਿ	ਮੇਘੁ	ਤੇਨ	ਥੇਹ	ਦੱਯੇ
ਦੇਖਾ	ਦੇਖੈ	ਚੇਤਿ	ਦੇਹਿ	ਵੇਸੁ	ਖੇਹੁ	ਕਯੇ
ਦੇਖਿ	ਦੇਖੋ	ਬੇਯੇ	ਦੇਉ	ਲੇਹਿ	ਗੇਹ੍ਰ	ਸੁਏ
ਦੇਖੀ	ਦੇਖੋਂ	ਏਹੁ	ਏਹਿ	ਕੇਇ	ਕਰੇਂ	ਘੁਮੇ
ਦੇਖੁ	ਦੇਖੰ	ਬੇਯੁ	ਏਤੁ	ਨੇਹੁ	ਕੇਹਿ	ਅਧੇ
ਦੇਖੂ	ਦੇਖਾਂ	ਏਕੁ	ਲੇਹੁ	ਦੇਇ	ਤੇਊ	ਦਿਯੇ

ਲਾਂ (ੇ) ਵਾਲੇ ਤਿੰਨ ਅੱਖਰੇ ਸ਼ਬਦ

ਸੇਵਹ	ਸੇਵਹੇ	ਕੇਵੇਹਾ	ਤੇਵੇਹਾ	ਧਰੇਇ	ਦੇਵਹਿ
ਸੇਵਹਾ	ਸੇਵਹੈ	ਤੇਵਡੁ	ਜੇਵੇਹਾ	ਧਰੇਹਿ	ਬੇਸੁਆ
ਸੇਵਹਿ	ਸੇਵਹੋ	ਖੇਵਟ	ਸੇਵਿਹੁ	ਤਰੇਉ	ਜੇਵਡੁ
ਸੇਵਹੀ	ਸੇਵਹੋਂ	ਖੇਲਨ	ਲੇਵਹਿ	ਕਰੇਓ	ਕਰੇਹਿ
ਸੇਵਹੁ	ਸੇਵਹੰ	ਜੇਵਡੁ	ਭੇਟੁਲੇ	ਕਰੇਇ	ਪਾਵਏ
ਸੇਵਹੂ	ਸੇਵਹਾਂ	ਤੇਵੇਹੋ	ਬੇਗੁਲ	ਪਾਵਹੇ	ਕਰੇਹੁ

ਲਾਂ (ੇ) ਵਾਲੇ ਚਾਰ ਅੱਖਰੇ ਸ਼ਬਦ

ਲੇਖਾਵਤ	ਲੇਖਾਵਤੇ	ਬੇਹਾਲਿਆ	ਸੇਵਿਅਹੁ	ਤੁਮਨਥੇ	ਏਕਮਈ
ਲੇਖਾਵਤਾ	ਲੇਖਾਵਤੈ	ਦੇਵਤਾਨ	ਸੇਵੀਅਹਿ	ਉਜੇਵਹਿ	ਸਹਿਨਗੇ
ਲੇਖਾਵਤਿ	ਲੇਖਾਵਤੋ	ਬੇਨੰਤੀਆ	ਦੇਵਾਨਿਆ	ਕੂਕੇਦਿਆ	ਉਸਾਰੇਦੇ
ਲੇਖਾਵਤੀ	ਲੇਖਾਵਤੋਂ	ਵੇਚਾਰੀਆ	ਦੇਵਾਲਿਆ	ਜਣਿਓਹਿ	ਯਾਨੜੀਏ
ਲੇਖਾਵਤੁ	ਲੇਖਾਵਤੰ	ਮੇਲਿਅਨੁ	ਦੇਵਤਿਆ	ਢੂਢੇਦੀਏ	ਦਿਖਨਥੇ
ਲੇਖਾਵਤੂ	ਲੇਖਾਵਤਾਂ	ਬੇਤਾਲਿਆ	ਦੇਹੁਰੀਆ	ਮੇਲਿਓਨ	ਦੂਰਗੇਯ

ਸਕੰਧ ਤੇਰਵਾਂ

ਦੁਲਾਵਾਂ (ੈ) ਲਗਾ ਮਾਤ੍ਰਾਵਾਂ ਵਿੱਚੋਂ ਅਠਵੀਂ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਦੋਲਾਵਾਂ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਦੁਲਾਵਾਂ (ੈ) ਵਾਲੇ ਦੋ ਅੱਖਰੇ ਸ਼ਬਦ

ਪੈਜ	ਪੈਜੇ	ਮੈਡਾ	ਮੰਨੈ	ਨੈਨ	ਯਗੈ	ਹੁਯੈ	ਸੁਐ
ਪੈਜਾ	ਪੈਜੈ	ਕੈਸੇ	ਬੁਝੈ	ਬੈਨ	ਦਯੈ	ਕੁਯੈ	ਜਿਯੈ
ਪੈਜਿ	ਪੈਜੋ	ਜੈਸੇ	ਸੈਭੰ	ਚੈਨ	ਦੂਯੈ	ਚਰੈ	ਮੂਐ
ਪੈਜੀ	ਪੈਜੋਂ	ਬੈਸੇ	ਹੁਐ	ਸੈ੍ਯਾ	ਬੈਯੈ	ਕਹੈ	ਦਲੈ
ਪੈਜੁ	ਪੈਜੰ	ਤੈਸਾ	ਤੁਐ	ਕੈਯੀ	ਬੈਯੂ	ਚਲੈ	ਇਐ
ਪੈਜੂ	ਪੈਜਾਂ	ਪੈਸਾ	ਜੀਐ	ਗੈਨ	ਤੈਕੂ	ਵਿਐ	ਮਲੈ

ਦੋਲਾਵਾਂ (ੈ) ਵਾਲੇ ਤਿੰਨ ਅੱਖਰੇ ਸ਼ਬਦ

ਨੈਨਨ	ਨੈਨਨੇ	ਜੈਕਾਰ	ਭੈਰਵੀ	ਬਹੁਨੈ	ਭਰੀਐ	ਨੰਦਕੈ
ਨੈਨਨਾ	ਨੈਨਨੈ	ਤੈਰਹੁ	ਕੈਹਣਾ	ਧਵਲੈ	ਵਰਜੈ	ਪੁਰੈਨ
ਨੈਨਨਿ	ਨੈਨਨੋ	ਸੈਲਹੁ	ਕੈਟਭ	ਮਿਲੀਜੈ	ਉਚਰੈ	ਨ੍ਹਾਇਐ
ਨੈਨਨੀ	ਨੈਨਨੌ	ਬੈਠਉ	ਹੈਯਾਤੀ	ਰਵੀਜੈ	ਸੁਣਿਐ	ਸਵੈਯਾ
ਨੈਨਨੁ	ਨੈਨਨੰ	ਬੈਨਨਿ	ਲੈਇਆ	ਭਰੀਜੈ	ਤਾਰਿਯੈ	ਵਿਅੱਥੈ
ਨੈਨਨੂ	ਨੈਨਨਾਂ	ਸੈਨਨਿ	ਬੈਆਨੀ	ਪੈਹਲਾ	ਕਰੀਜੈ	ਸੈਹਣਾ

ਦੁਲਾਵਾਂ (ੈ) ਵਾਲੇ ਚਾਰ ਅੱਖਰੇ ਸ਼ਬਦ

ਮੈਲਾਗਰ	ਮੈਲਾਗਰੇ	ਬੈਕੁੰਠਹ	ਲੁਭਾਇਐ	ਨਿਰਵੈਰੁ	ਵਿਪਾਇਐ
ਮੈਲਾਗਰਾ	ਮੈਲਾਗਰੈ	ਬੈਠਾਯਉ	ਹਜੂਰੀਐ	ਝਲੁੰਭਲੈ	ਮਉਲਿਐ
ਮੈਲਾਗਰਿ	ਮੈਲਾਗਰੋ	ਬੈਠੰਦਿਆ	ਡਗਮਗੈ	ਧਿਜਆਵੈ	ਨਿਬਹਾਵੈ
ਮੈਲਾਗਰੀ	ਮੈਲਾਗਰੌ	ਪੈਨੰਦਿਆ	ਸਲਾਹਿਐ	ਨਹਾਈਐ	ਸ੍ਵੈਧਰਮ
ਮੈਲਾਗਰੁ	ਮੈਲਾਗਰੰ	ਬੈਰਾਈਐ	ਸਰਾਹੀਐ	ਪੜ੍ਹੀਐ	ਪਹਿਰੀਜੈ
ਮੈਲਾਗਰੂ	ਮੈਲਾਗਰਾਂ	ਰੈਨੜੀਐ	ਧਿਆਇਐ	ਸੰਕਟਵੈ	ਬੈਸਾਯਉ

ਸਕੰਧ ਚੌਦਵਾਂ

ਹੋੜਾ (ੋ) ਲਗਾ ਮਾਤ੍ਰਾਵਾਂ ਵਿੱਚੋਂ ਨਾਂਵੀਂ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਹੋੜੇ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਹੋੜੇ (ੋ) ਵਾਲੇ ਦੋ ਅੱਖਰੇ ਸ਼ਬਦ

ਮੋਹ	ਮੋਹੇ	ਰੋਹਿ	ਦੋਹੰ	ਦੋਇ	ਸੋਹੀ	ਗਨੋ	ਸੋਹੇ
ਮੋਹਾ	ਮੋਹੈ	ਮੋਹਿ	ਹੋਹਿ	ਤੋਹੰ	ਖੋਇ	ਤੋਹੀ	ਧ੍ਰੋਹ
ਮੋਹਿ	ਮੋਹੋ	ਤੋਹਿ	ਤੋਹਿ	ਜੋਹੰ	ਦੋਊ	ਤੇਹੋ	ਲੋਹਿ
ਮੋਹੀ	ਮੋਹੌ	ਸੋਈ	ਜੋਹਿ	ਸੋਇ	ਕੋਊ	ਕੋਹਿ	ਜੋਹੇ
ਮੋਹੁ	ਮੋਹੰ	ਹੋਹਿ	ਸੋਹੰ	ਹੋਇ	ਸੋਊ	ਹੋਹੁ	ਖੋਈ
ਮੋਹੂ	ਮੋਹਾਂ	ਲੋਉ	ਮੋਨੀ	ਕ੍ਰੋਧ	ਮੋਹੀ	ਜੋਹੀ	ਗੋਈ

ਹੋੜੇ (ੋ) ਵਾਲੇ ਤਿੰਨ ਅੱਖਰੇ ਸ਼ਬਦ

ਸੋਹਹ	ਸੋਹਹੇ	ਜੋਹਈ	ਹੋਹਿੰਗੇ	ਜੋਆਨੀ	ਤੋਰਹਿ
ਸੋਹਹਾ	ਸੋਹਹੈ	ਮੋਹਹਿ	ਹੋਵਹਿ	ਲੋਰਹਿ	ਸੋਹੰਤੀ
ਸੋਹਹਿ	ਸੋਹਹੋ	ਸੋਹਿਲੈ	ਡੋਲਹਿ	ਮੋਹਾਰਾ	ਦੋਆਲੈ
ਸੋਹਹੀ	ਸੋਹਹੌ	ਸੋਈਐ	ਬੋਲਨੋ	ਗੋਬਿੰਦੇ	ਬਿਬੋਕ
ਸੋਹਹੁ	ਸੋਹਹੰ	ਛੋਡਹਿ	ਗੋਪਾਲ	ਕ੍ਰੋਧਹੀ	ਲੋਭਾਨ
ਸੋਹਹੂ	ਸੋਹਹਾਂ	ਮੋੜਹਿ	ਜੋੜਹਿ	ਜੋਵਹਿ	ਹੋਵਹ

ਹੋੜੇ (ੋ) ਵਾਲੇ ਚਾਰ ਅੱਖਰੇ ਸ਼ਬਦ

ਰੋਮਾਵਲ	ਰੋਮਾਵਲੇ	ਸੋਹਣਿਆ	ਸੋਹਾਗਣ	ਅਗੋਚਰੁ	ਝਕੋਲਿਆ
ਰੋਮਾਵਲਾ	ਰੋਮਾਵਲੈ	ਖੋਜੰਤੀਆ	ਸੋਹਿਲੜੈ	ਢੰਢੋਲਿਮ	ਅਮੋਲਕ
ਰੋਮਾਵਲਿ	ਰੋਮਾਵਲੋ	ਖੋਟਿਅਹੁ	ਪੋਤੇਦਾਰ	ਪਰੋਇਓ	ਅਨਮੋਲ
ਰੋਮਾਵਲੀ	ਰੋਮਾਵਲੌ	ਗੋਸਾਈਆ	ਜੋਖੀਵਦੇ	ਪਤੀਣੋਹਿ	ਸਰੋਵਰ
ਰੋਮਾਵਲੁ	ਰੋਮਾਵਲੰ	ਗੋਆਲਿਆ	ਖੋਲ੍ਹਹਉ	ਉਲਾਹਨੋ	ਦੋਹਾਗਣੀ
ਰੋਮਾਵਲੂ	ਰੋਮਾਵਲਾਂ	ਸੋਹਾਗਣੀ	ਲੋੜੀਦੜੋ	ਪਰੋਵਹਿ	ਰੋਗਣਹ

ਹੋੜੇ (ੋ) ਅਤੇ ਔਂਕੜ (ੁ) ਸਹਿਤ ਦੋਹਰੀ ਮਾਤ੍ਰਾ ਵਾਲੇ ਰਲੇ ਮਿਲੇ ਸ਼ਬਦ

ਤੋੁਹਿ	ਗਨੋੁ	ਮੋੁਨੀ	ਜੋੁਆਨੀ	ਸੋੁਹੰਤੀ	ਗੋੁਪਾਲ	ਗੋੁਬਿੰਦੇ
ਸੋੁਈ	ਜਨੋੁ	ਤੋੁਹੀ	ਮੋੁਹਾਰਾ	ਦੋੁਆਲੈ	ਬਿਬੋਕੋੁ	ਲੋੁਭਾਨ

ਨੋਟ:- ਏਨ੍ਹਾਂ ਸ਼ਬਦਾਂ ਦੇ ਬਾਰੇ ਵਿਸਥਾਰ ਸਹਿਤ ਦੂਸਰੇ ਭਾਗ ਚ' ਲਿਖੇ ਪਿੰਗਲ ਵਿੱਚ ਲਿਖਾਂਗੇ।

ਸਕੰਧ ਪੰਦਰਵਾਂ

ਕਨੌੜੇ (ੌ) ਲਗਾ ਮਾਤ੍ਰਾਵਾਂ ਵਿੱਚੋਂ ਦਸਵੀਂ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਕਨੌੜੇ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਕਨੌੜੇ (ੌ) ਵਾਲੇ ਦੋ ਅੱਖਰੇ ਸ਼ਬਦ

ਧੌਲ	ਧੌਲੇ	ਊਂਚੌ	ਜੌਲਾ	ਰਤੌ	ਸੌਧੁ	ਅੰਧੌ
ਧੌਲਾ	ਧੌਲੈ	ਜਾਤੌ	ਹੌਲਾ	ਮੁਹੌ	ਤਨੌ	ਬੈਯੌ
ਧੌਲਿ	ਧੌਲੋ	ਘਣੌ	ਮੌਲਾ	ਰੂੜੌ	ਮੂਚੌ	ਕਯੌ
ਧੌਲੀ	ਧੌਲੌ	ਖੋਟੌ	ਕੌਣ	ਸਚੌ	ਕੇਸੌ	ਕਾਯੌ
ਧੌਲੁ	ਧੌਲੰ	ਹੀਣੌ	ਜੌਨ	ਲਾਗੌ	ਪਾਯੌ	ਦਯੌ
ਧੌਲੂ	ਧੌਲਾਂ	ਬਡੌ	ਤੌਨ	ਊਭੌ	ਬੰਯੌ	ਤੀਯੌ

ਕਨੌੜੇ (ੌ) ਵਾਲੇ ਤਿੰਨ ਅੱਖਰੇ ਸ਼ਬਦ

ਨੌਕਰ	ਨੌਕਰੇ	ਚੌਰਾਸੀ	ਚਲਤੌ	ਅਕਥੌ	ਠਗੌਲੀ	ਔਖਧੀ
ਨੌਕਰਾ	ਨੌਕਰੈ	ਔਹਾਣੀ	ਬਸੰਤੌ	ਸਗੂੜੌ	ਕਹਿਹੌ	ਮੌਲੀਓ
ਨੌਕਰਿ	ਨੌਕਰੋ	ਔਗੁਨ	ਰਹੰਤੌ	ਜਾਨਯੌ	ਲਹਿਹੌ	ਪੜੰਤੌ
ਨੌਕਰੀ	ਨੌਕਰੌ	ਔਸਰ	ਲਾਹੌਰ	ਸੌਹਤੀ	ਝੌਪਰੀ	ਜੜੰਤੌ
ਨੌਕਰੁ	ਨੌਕਰੰ	ਕੌਤਕ	ਰਵਤੌ	ਸੌਹਰ	ਔਤਾਰ	ਕਹੰਤੌ
ਨੌਕਰੂ	ਨੌਕਰਾਂ	ਔਰਤ	ਖੜੌਆ	ਬਿਭੌਰ	ਸੌਕਨ	ਕਹਹੌ

ਕਨੌੜੇ (ੌ) ਵਾਲੇ ਚਾਰ ਅੱਖਰੇ ਸ਼ਬਦ

ਸੌਦਾਗਰ	ਸੌਦਾਗਰੇ	ਸੌਪਿਓਨੁ	ਨਿਹਮਯੌ	ਵਨੌਸਧੀ	ਚੌਬੀਸਵੌਂ
ਸੌਦਾਗਰਾ	ਸੌਦਾਗਰੈ	ਔਤਰਿਆ	ਉਧਰਿਔ	ਧਿਆਇਔ	ਪਛਾੜਯੌ
ਸੌਦਾਗਰਿ	ਸੌਦਾਗਰੋ	ਔਖੀਵਣਾ	ਸਮਝਾਵੌ	ਗਿਆਰਵੌਂ	ਬਸਾਇਔ
ਸੌਦਾਗਰੀ	ਸੌਦਾਗਰੌ	ਔਤਾਰਸੀ	ਸਰਾਇਚੌ	ਸੰਚਰਯੌ	ਹਲਾਇਔ
ਸੌਦਾਗਰੁ	ਸੌਦਾਗਰੰ	ਚੌਰਾਸੀਹ	ਉਜੀਯਾਰੌ	ਪਰਸਿਯੌ	ਕਮਾਇਔ
ਸੌਦਾਗਰੂ	ਸੌਦਾਗਰਾਂ	ਕੌੜਤਣਿ	ਉਦਵਿਯੌ	ਸੰਭਵਿਔ	ਕਹਾਇਔ

ਸਕੰਧ ਸੋਲਵਾਂ

ਟਿੱਪੀ (ੰ) ਲਗਾ ਮਾਤ੍ਰਾ ਵਿੱਚੋਂ ਗਿਆਰਵੀਂ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਟਿੱਪੀ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਟਿੱਪੀ (ੰ) ਵਾਲੇ ਦੋ ਅੱਖਰੇ ਸ਼ਬਦ

ਰੰਙ	ਰੰਙੇ	ਅੰਕਿ	ਅੰਨ	ਮੰਨੈ	ਚੰਦ੍ਰ	ਪਾਯੰ	ਗਾਮੰ੍	ਰੰਗ
ਰੰਙਾ	ਰੰਙੈ	ਅੰਗਿ	ਞੰਞਾ	ਸੁੰਨੇ	ਜੰਤ੍ਰ	ਓਅੰ	ਤੁਯੰ	ਮਤੰ
ਰੰਙਿ	ਰੰਙੋ	ਸਿੰਙੀ	ਜੰਞ	ਸੂੰਘ	ਟੰਟਾ	ਅਅੰ	ਬੰਯੌ	ਹਤੰ
ਰੰਙੀ	ਰੰਙੌ	ਗੁੰਗੇ	ਸੰਙ	ਨੰਢੀ	ਮੰਤ੍ਰ	ਉਅੰ	ਚਕੰ	ਸਿੰਙੀ
ਰੰਙੁ	ਰੰਙੰ	ਛਿੰਗਾ	ਬੰਨ੍ਹਿ	ਡੰਝਾ	ਦੂੰਦ	ਇਅੰ	ਟੋਪੰ	ਇਦੰ
ਰੰਙੂ	ਰੰਙਾਂ	ਝਿੰਙ	ਟੰਕੁ	ਡੰਕ	ਪੰਖੀ	ਮਹਿੰ	ਬੰਕੇ	ਲਿੰਙ

ਟਿੱਪੀ (ੰ) ਵਾਲੇ ਤਿੰਨ ਅੱਖਰੇ ਸ਼ਬਦ

ਭੰਡਾਰ	ਭੰਡਾਰੇ	ਸੰਮਾਨੈ	ਅੰਤਕ	ਆਸੂਯੰ	ਅੰਗਾਰ	ਮੰਘਿਰ
ਭੰਡਾਰਾ	ਭੰਡਾਰੈ	ਸੰਗ੍ਰਹਾ	ਅੰਮ੍ਰਿਤੋ	ਭੰਗਾਰ	ਅਝੰਝ	ਅੰਭੁਲਾ
ਭੰਡਾਰਿ	ਭੰਡਾਰੋ	ਸੰਹੇਤ	ਲੰਘਹਿ	ਤਿੰਦੂਆ	ਅੰਕੁਰੁ	ਰਖੁੰਤ
ਭੰਡਾਰੀ	ਭੰਡਾਰੌ	ਬੰਕੁਰਾ	ਕੁੰਜਤ	ਰਖਿਯੰ	ਸਿੰਮ੍ਰਿਤਿ	ਅਸਾਜੰ
ਭੰਡਾਰੁ	ਭੰਡਾਰੰ	ਡੰਡੌਤ	ਘੁੰਘ੍ਰਾਯੰ	ਅਘਾਯੰ	ਪਲੰਘੰ	ਗੋੁਬਿੰਦੇ
ਭੰਡਾਰੂ	ਭੰਡਾਰਾਂ	ਜੰਗਮੰ	ਗੰਗੇਵ	ਮੁਕੰਦੇ	ਚੁੰਙਿਆ	ਕਲੰਕੰ

ਟਿੱਪੀ (ੰ) ਵਾਲੇ ਚਾਰ ਅੱਖਰੇ ਸ਼ਬਦ

ਰੰਗਾਵਲ	ਰੰਗਾਵਲੇ	ਰੰਗੜੀਆ	ਝਲੁੰਭਲੈ	ਘੋਰੰਧਾਰ	ਖਰਙੰਤ
ਰੰਗਾਵਲਾ	ਰੰਗਾਵਲੈ	ਮੰਗੀਅਹਿ	ਮਨੋਪਮੰ	ਨਮਸਤੰ	ਹਰਙੰਤ
ਰੰਗਾਵਲਿ	ਰੰਗਾਵਲੋ	ਸੰਕਟਵੈ	ਆਭੰਜਸ	ਭਭਕੰਤ	ਲੰਘਾਇਦਾ
ਰੰਗਾਵਲੀ	ਰੰਗਾਵਲੌ	ਸੰਘਾਰਿਆ	ਮਨੋਰਮੰ	ਟੁਟੰਤੰਤ	ਬਿਧੁੰਸਟ
ਰੰਗਾਵਲੁ	ਰੰਗਾਵਲੰ	ਅੰਗੁਸਟ	ਸੰਧਉਰਾ	ਹਰਙੰਤ	ਜਇਅੰਤੀ
ਰੰਗਾਵਲੂ	ਰੰਗਾਵਲਾਂ	ਅੰਗੁਰੀਆ	ਰੰਗਿਓਨ	ਰੰਗੀਲੜੇ	ਸੰਗ੍ਰਹੇਇ

ਵਿਸ਼ੇਸ਼ ਨੋਟ:- ਟਿੱਪੀ ਨੂੰ ਅਨੁਸੁਾਰ ਅਤੇ ਙ, ਞ, ਨ, ਮ, ਣ ਇਨ੍ਹਾਂ ਪੰਜਾਂ ਅੱਖਰਾਂ ਨੂੰ ਅਨੁਨਾਸਿਕ ਅੱਖਰ ਕਹਿੰਦੇ ਹਨ। ਟਿੱਪੀ ਆਪਣੇ ਤੋਂ ਅੱਗੇ ਲਿਖੇ ਅੱਖਰ ਨੂੰ ਦੇਖ ਕੇ ਹਮੇਸ਼ਾ ਆਪਣਾ ਉੱਚਾਰਣ ਰੂਪ ਬਦਲ ਲੈਂਦੀ ਹੈ। ਇਸ ਕਰਕੇ ਵਿਦਵਾਨ ਟਿੱਪੀ ਨੂੰ ਦਲ-ਬਦਲੂ ਮਾਤ੍ਰਾ ਵੀ ਕਹਿੰਦੇ ਹਨ।

ਟਿੱਪੀ ਤੋਂ ਅੱਗੇ ਜੇਕਰ ਕਵਰਗ ਦਾ ਜਾਂ ਕੰਠ ਵਿੱਚ ਬੋਲਿਆ ਜਾਣ ਵਾਲਾ ਕੋਈ ਵੀ ਅੱਖਰ ਹੋਵੇ ਤਾਂ ਟਿੱਪੀ "ਙ" ਅੱਖਰ ਦਾ ਰੂਪ ਧਾਰਨ ਕਰ ਲੈਂਦੀ ਹੈ। ਉਦਾਹਰਣ ਤੌਰ ਤੇ ਜਿਵੇਂ "ਕੰਘੇ" ਸ਼ਬਦ ਵਿੱਚ ਟਿੱਪੀ ਤੋਂ ਬਾਅਦ ਕਵਰਗ ਦਾ "ਘੱਘਾ" ਅੱਖਰ ਹੈ ਤਾਂ ਇੱਥੇ ਟਿੱਪੀ ਦਾ ਉੱਚਾਰਣ ਰੂਪ "ਙੰਙਾ" (ਕਙਘਾ) ਹੈ।

ਟਿੱਪੀ ਤੋਂ ਅੱਗੇ ਜੇਕਰ ਚਵਰਗ ਦਾ ਜਾਂ ਤਾਲੂ ਨਾਲ ਲੱਗ ਕੇ ਬੋਲਿਆ ਜਾਣ ਵਾਲਾ ਕੋਈ ਵੀ ਅੱਖਰ ਹੋਵੇ ਤਾਂ ਟਿੱਪੀ "ਞ" ਅੱਖਰ ਦਾ ਰੂਪ ਧਾਰਨ ਕਰ ਲੈਂਦੀ ਹੈ। ਉਦਾਹਰਣ ਤੌਰ ਤੇ ਜਿਵੇਂ "ਪੰਜੇ" ਸ਼ਬਦ ਵਿੱਚ ਟਿੱਪੀ ਤੋਂ ਬਾਅਦ ਚਵਰਗ ਦਾ "ਜੱਜਾ" ਅੱਖਰ ਹੈ ਤਾਂ ਇੱਥੇ ਟਿੱਪੀ ਦਾ ਉੱਚਾਰਣ ਰੂਪ "ਞੰਞਾ" (ਪਞਜਾ) ਹੈ।

ਟਿੱਪੀ ਤੋਂ ਅੱਗੇ ਜੇਕਰ ਟਵਰਗ ਦਾ ਜਾਂ ਮੂਰਧਾ (ਤਾਲੂ ਦੇ ਡੂੰਘ) ਨਾਲ ਲੱਗ ਕੇ ਬੋਲਿਆ ਜਾਣ ਵਾਲਾ ਕੋਈ ਵੀ ਅੱਖਰ ਹੋਵੇ ਤਾਂ ਟਿੱਪੀ "ਣ" ਅੱਖਰ ਦਾ ਰੂਪ ਧਾਰਨ ਕਰ ਲੈਂਦੀ ਹੈ। ਉਦਾਹਰਣ ਤੌਰ ਤੇ ਜਿਵੇਂ "ਕੰਡਾ" ਸ਼ਬਦ ਵਿੱਚ ਟਿੱਪੀ ਤੋਂ ਬਾਅਦ ਟਵਰਗ ਦਾ "ਡੱਡਾ" ਅੱਖਰ ਹੈ ਤਾਂ ਇੱਥੇ ਟਿੱਪੀ ਦਾ ਉੱਚਾਰਣ ਰੂਪ "ਣਾਣਾ" (ਕਣਡਾ) ਹੈ।

ਟਿੱਪੀ ਤੋਂ ਅੱਗੇ ਜੇਕਰ ਤਵਰਗ ਦਾ ਜਾਂ ਦੰਦਾਂ ਨਾਲ ਜੁੜ ਕੇ ਬੋਲਿਆ ਜਾਣ ਵਾਲਾ ਕੋਈ ਵੀ ਅੱਖਰ ਹੋਵੇ ਤਾਂ ਟਿੱਪੀ "ਨ" ਅੱਖਰ ਦਾ ਰੂਪ ਧਾਰਨ ਕਰ ਲੈਂਦੀ ਹੈ। ਉਦਾਹਰਣ ਤੌਰ ਤੇ ਜਿਵੇਂ "ਕੰਤ" ਸ਼ਬਦ ਵਿੱਚ ਟਿੱਪੀ ਤੋਂ ਬਾਅਦ ਤਵਰਗ ਦਾ "ਤੱਤਾ" ਅੱਖਰ ਹੈ ਤਾਂ ਇੱਥੇ ਟਿੱਪੀ ਦਾ ਉੱਚਾਰਣ ਰੂਪ "ਨੰਨਾ" (ਕਨਤ) ਹੈ।

ਟਿੱਪੀ ਤੋਂ ਅੱਗੇ ਜੇਕਰ ਪਵਰਗ ਦਾ ਜਾਂ ਬੁੱਲ੍ਹਾਂ ਵਿੱਚ ਬੋਲਿਆ ਜਾਣ ਵਾਲਾ ਕੋਈ ਵੀ ਅੱਖਰ ਹੋਵੇ ਤਾਂ ਟਿੱਪੀ "ਮ" ਅੱਖਰ ਦਾ ਰੂਪ ਧਾਰਨ ਕਰ ਲੈਂਦੀ ਹੈ। ਉਦਾਹਰਣ ਤੌਰ ਤੇ ਜਿਵੇਂ "ਪਰੰਪ੍ਰਾਇ" ਸ਼ਬਦ ਵਿੱਚ ਟਿੱਪੀ ਤੋਂ ਬਾਅਦ ਪਵਰਗ ਦਾ "ਪੱਪਾ" ਅੱਖਰ ਹੈ ਤਾਂ ਇੱਥੇ ਟਿੱਪੀ ਦਾ ਉੱਚਾਰਣ ਰੂਪ "ਮੰਮਾ" (ਪਰਮਪ੍ਰਾਇ) ਹੈ।

ਉਪਰੋਕਤ ਵਰਗਾਂ ਦੇ ਅੱਖਰਾਂ ਤੋਂ ਇਲਾਵਾ ਟਿੱਪੀ ਤੋਂ ਅੱਗੇ ਜੇਕਰ "ਸੱਸਾ" ਅੱਖਰ ਹੋਵੇ ਤਾਂ ਟਿੱਪੀ "ਨ" ਅੱਖਰ ਦਾ ਹੀ ਰੂਪ ਧਾਰਨ ਕਰਦੀ ਹੈ। ਕਿਉਂਕਿ "ਸੱਸਾ" ਅੱਖਰ ਵੀ ਦੰਦਾਂ ਨਾਲ ਜੁੜ ਕੇ ਬੋਲਿਆ ਜਾਣ ਕਰਕੇ "ਸੱਸੇ" ਅੱਖਰ ਦੀ ਸਵਰਨਤਾ ਤਵਰਗ ਦੇ ਨਾਲ ਹੀ ਹੁੰਦੀ ਹੈ।

ਟਿੱਪੀ ਤੋਂ ਅੱਗੇ ਜੇਕਰ "ਹਾਹਾ" ਅੱਖਰ ਹੋਵੇ ਤਾਂ ਟਿੱਪੀ "ਣ" ਅੱਖਰ ਦਾ ਹੀ ਰੂਪ ਧਾਰਨ ਕਰ ਲੈਂਦੀ ਹੈ। ਕਿਉਂਕਿ "ਹਾਹਾ" ਅੱਖਰ ਵੀ ਕੰਠ ਵਿੱਚ ਬੋਲਿਆ ਜਾਣ ਕਰਕੇ "ਹਾਹੇ" ਅੱਖਰ ਦੀ ਸਵਰਨਤਾ ਕਵਰਗ ਦੇ ਨਾਲ ਹੀ ਹੁੰਦੀ ਹੈ। ਉਦਾਹਰਣ ਤੌਰ ਤੇ ਜਿਵੇਂ

"ਸੰਹਿਤਾ" ਸ਼ਬਦ ਵਿੱਚ ਟਿੱਪੀ ਤੋਂ ਅੱਗੇ "ਹਾਹਾ" ਅੱਖਰ ਹੈ ਤਾਂ ਟਿੱਪੀ ਦਾ ਇੱਥੇ ਉੱਚਾਰਣ ਰੂਪ "ਙੰਙਾ" (ਸਙਹਿਤਾ) ਹੈ।

ਟਿੱਪੀ ਤੋਂ ਅੱਗੇ ਜੇਕਰ "ਯੱਯਾ" ਅੱਖਰ ਹੋਵੇ ਤਾਂ ਟਿੱਪੀ "ਞ" ਅੱਖਰ ਦਾ ਹੀ ਰੂਪ ਧਾਰਨ ਕਰਦੀ ਹੈ। ਕਿਉਂਕਿ "ਯੱਯਾ" ਅੱਖਰ ਵੀ ਤਾਲੂ ਨਾਲ ਲੱਗ ਕੇ ਬੋਲਿਆ ਜਾਣ ਕਰਕੇ "ਯੱਯੇ" ਅੱਖਰ ਦੀ ਸਵਰਨਤਾ ਚਵਰਗ ਦੇ ਨਾਲ ਹੀ ਹੁੰਦੀ ਹੈ।

ਟਿੱਪੀ ਤੋਂ ਅੱਗੇ ਜੇਕਰ "ਰਾਰਾ" ਅੱਖਰ ਹੋਵੇ ਤਾਂ ਟਿੱਪੀ "ਣ" ਅੱਖਰ ਦਾ ਹੀ ਰੂਪ ਧਾਰਨ ਕਰਦੀ ਹੈ। ਕਿਉਂਕਿ "ਰਾਰਾ" ਅੱਖਰ ਵੀ ਤਾਲੂ ਦੇ ਡੂੰਗ ਨਾਲ ਲੱਗ ਕੇ ਬੋਲਿਆ ਜਾਣ ਕਰਕੇ "ਰਾਰੇ" ਅੱਖਰ ਦੀ ਸਵਰਨਤਾ ਟਵਰਗ ਦੇ ਨਾਲ ਹੀ ਹੁੰਦੀ ਹੈ।

ਟਿੱਪੀ ਤੋਂ ਅੱਗੇ ਜੇਕਰ "ਲੱਲਾ" ਅੱਖਰ ਹੋਵੇ ਤਾਂ ਟਿੱਪੀ "ਨ" ਅੱਖਰ ਦਾ ਹੀ ਰੂਪ ਧਾਰਨ ਕਰਦੀ ਹੈ। ਕਿਉਂਕਿ "ਲਲਾ" ਅੱਖਰ ਵੀ ਦੰਦਾਂ ਨਾਲ ਜੁੜ ਕੇ ਬੋਲਿਆ ਜਾਣ ਕਰਕੇ "ਲੱਲੇ" ਅੱਖਰ ਦੀ ਸਵਰਨਤਾ ਤਵਰਗ ਦੇ ਨਾਲ ਹੀ ਹੁੰਦੀ ਹੈ।

ਟਿੱਪੀ ਤੋਂ ਅੱਗੇ ਜੇਕਰ "ਵਵਾ" ਅੱਖਰ ਹੋਵੇ ਤਾਂ ਟਿੱਪੀ "ਨ,ਮ" ਅੱਖਰ ਦਾ ਹੀ ਰੂਪ ਧਾਰਨ ਕਰ ਲੈਂਦੀ ਹੈ। ਕਿਉਂਕਿ "ਵਵਾ" ਅੱਖਰ ਵੀ ਖੁੱਲ੍ਹੇ ਗੋਲ ਮੂੰਹ ਨਾਲ ਬੋਲੇ ਜਾਣ ਕਰਕੇ "ਵੱਵੇ" ਅੱਖਰ ਦੀ ਸਵਰਨਤਾ ਤਵਰਗ ਅਤੇ ਪਵਰਗ ਦੇ ਨਾਲ ਹੀ ਹੁੰਦੀ ਹੈ।

ਟਿੱਪੀ ਤੋਂ ਅੱਗੇ ਜੇਕਰ "ੜਾੜਾ" ਅੱਖਰ ਹੋਵੇ ਤਾਂ ਟਿੱਪੀ "ਣ" ਅੱਖਰ ਦਾ ਹੀ ਰੂਪ ਧਾਰਨ ਕਰਦੀ ਹੈ। ਕਿਉਂਕਿ "ੜਾੜਾ" ਅੱਖਰ ਵੀ ਤਾਲੂ ਦੇ ਡੂੰਘ ਨਾਲ ਬੋਲਿਆ ਜਾਣ ਕਰਕੇ ਅਤੇ "ੜਾੜੇ" ਅੱਖਰ ਦੀ ਸਵਰਨਤਾ ਟਵਰਗ ਦੇ ਨਾਲ ਹੀ ਹੁੰਦੀ ਹੈ।

ਕਵਰਗ	ਚਵਰਗ	ਟਵਰਗ	ਤਵਰਗ	ਪਵਰਗ
ਸੰਕੁੜਾ	ਚੁੰਚ	ਟੰਟਾ	ਤੰਤੂ	ਪੰਪਾ
ਅਸੰਖ	ਸੰਛੇਪ	ਠੰਠਾਰ	ਗ੍ਰੰਥ	ਦੁੰਫ
ਸਿੰਗਾਰ	ਸੰਜੋਗ	ਭੰਡੂ	ਦੰਦ	ਅੰਬੜਾ
ਸੰਘਾਰ	ਝੁੰਝਨੜਾ	ਢੰਢੋਲਿਮੁ	ਅੰਦੇਸੇ	ਸੁੰਭ
ਸਿੰਙੀ	ਰੰਞਾਣਦਾ	ਨੰਢੀ	ਅੰਧਾਰੁ	ਮੰਮਾ
ਸੰਹਿਤਾ	ਵੰਞਹੁ	ਤੰਣ	ਅੰਨ	ਜੰਮ

ਸਕੰਧ ਸਤਾਰਵਾਂ

ਕੰਨਾ-ਬਿੰਦੀ (ਾਂ) ਲਗਾ ਮਾਤ੍ਰਾਵਾਂ ਵਿੱਚੋਂ ਬਾਰਵੀਂ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਕੰਨਾ-ਬਿੰਦੀ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਸ਼ਬਦ ਦੀ ਉੱਪਰਲੀ ਬਿੰਦੀ (ਾਂ) ਵਾਲੇ ਦੋ ਅੱਖਰੇ ਸ਼ਬਦ

ਭਾਂਤ	ਭਾਂਤੇ	ਏਂਹ	ਹਯਾਂ	ਹਾਂਉ	ਕਾਂਸੀ	ਸੰਤਾਂ	ਚਾਂਪੈ
ਭਾਂਤਾ	ਭਾਂਤੈ	ਉਂਨ	ਤੇਂਹ	ਹਾਂਢੈ	ਕਾਂਖੀ	ਖੰਡਾਂ	ਛਾਂਉ
ਭਾਂਤਿ	ਭਾਂਤੋ	ਐਂਡੋ	ਕੁਨੀਂ	ਹੇਂਵ	ਕਾਂਯਾਂ	ਗਨੀਂ	ਛਾਂਟਿ
ਭਾਂਤੀ	ਭਾਂਤੌਂ	ਸੇਂਘ	ਮੇਂਹ	ਹੋਂਦਾ	ਖਾਂਹਿ	ਖਿਤੀਂ	ਜਾਂਈ
ਭਾਂਤੁ	ਭਾਂਤੰ	ਸੀਂਵਾਂ	ਮਿਯਾਂ	ਕਾਂਇੰ	ਖਾਂਡੂ	ਚੋਟਾਂ	ਗੋਂਡ
ਭਾਂਤੂ	ਭਾਂਤਾਂ	ਸਾਂਡੀ	ਧਾਂਉ	ਹੌਂਉ	ਖਾਂਤਿ	ਛੇਂਕ	ਗਾਂਠਿ

ਸ਼ਬਦ ਦੀ ਉੱਪਰਲੀ ਬਿੰਦੀ (ਾਂ) ਵਾਲੇ ਤਿੰਨ ਅੱਖਰੇ ਸ਼ਬਦ

ਸੈਂਸਾਰ	ਸੈਂਸਾਰੇ	ਹਾਂਕਤੀ	ਕਾਂਬਲੀ	ਚਾਂਦਨਾ	ਊਂਧਉ	ਬਾਂਛਤ
ਸੈਂਸਾਰਾ	ਸੈਂਸਾਰੈ	ਹੇਂਵਹੀ	ਸੀਂਗਾਰ	ਛਾਂਰਹੁ	ਡਾਂਗੀਆ	ਬਾਂਛਾਈਂ
ਸੈਂਸਾਰਿ	ਸੈਂਸਾਰੋ	ਹਾਂਢੀਐ	ਸਾਂਵਲੇ	ਜਾਂਹਿਗਾ	ਜਾਂਮਣੁ	ਭਾਂਤਨ
ਸੈਂਸਾਰੀ	ਸੈਂਸਾਰੌਂ	ਕਾਂਚੁਰੀ	ਸਾਂਕੁਲ	ਜਾਂਨਦ	ਨਾਂਗੜ	ਭਾਂਭੀਰੀ
ਸੈਂਸਾਰੁ	ਸੈਂਸਾਰੰ	ਕਾਂਢੀਐ	ਗਾਂਠੁਲੀ	ਡੇਂਹੀਆ	ਪਾਂਚਉ	ਮਿਰਗਾਂ
ਸੈਂਸਾਰੂ	ਸੈਂਸਾਰਾਂ	ਸਾਂਢਨੀ	ਗਾਂਵਦੇ	ਡਾਂਵੜਾ	ਫਾਂਕਿਓ	ਮੁਕੀਆਂ

ਸ਼ਬਦ ਦੀ ਉੱਪਰਲੀ ਬਿੰਦੀ (ਾਂ) ਵਾਲੇ ਚਾਰ ਅੱਖਰੇ ਸ਼ਬਦ

ਬਾਂਧੀਅਹ	ਬਾਂਧੀਅਹੇ	ਗੋਂਡਕਰੀ	ਮਾਂਡੀਅਲੇ	ਚੰਦ੍ਰਾਂਸ	ਅਮਾਂਵਸ	ਨਿਗੁਸਾਏਂ
ਬਾਂਧੀਅਹਾ	ਬਾਂਧੀਅਹੈ	ਸਾਂਵਲੀਓ	ਮਾਂਮਾਣੀਆ	ਦੇਸਾਂਗਿਓ	ਸੇਤਜਾਂਹ	ਰਵਾਂਤਉ
ਬਾਂਧੀਅਹਿ	ਬਾਂਧੀਅਹੋ	ਚਾਂਗੇਦਿਆ	ਰਾਂਗਨਹਿ	ਬਿਰਾਦਰਾਂ	ਪੇਕਾਂਬਰ	ਕਦਾਂਚਹ
ਬਾਂਧੀਅਹੀ	ਬਾਂਧੀਅਹੌਂ	ਨੀਂਦ੍ਰਾਵਲੇ	ਮਾਂਡੀਅਲੇ	ਬਿਗਸਾਂਤ	ਮਚਾਂਗਾਵਾਂ	ਸਿਕਦਾਰਾਂ
ਬਾਂਧੀਅਹੁ	ਬਾਂਧੀਅਹੰ	ਬਾਂਧਵਹ	ਸੰਤੋਖੀਈਂ	ਆਇੜੀਆਂ	ਨਿਭਰਾਂਤਿ	ਬਾਹੜੀਆਂ
ਬਾਂਧੀਅਹੂ	ਬਾਂਧੀਅਹਾਂ	ਭਾਂਡਸਾਲ	ਗੁਰਸਿਖੀਂ	ਅਰਧਾਂਭਾ	ਸੇਵਕਾਂਣ	ਚੰਗਿਆਈਂ

ਸਕੰਧ ਅਠਾਰਵਾਂ

ਫ਼ਾਰਸੀ ਦੀ ਗੁਰਮਤਿ ਕਾਵਿ-ਰਚਨਾ ਵਿੱਚ ਪੈਰ-ਬਿੰਦੀ ਇਕ ਵਿਸ਼ੇਸ਼ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਪੈਰ-ਬਿੰਦੀ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਸ਼ਬਦ ਦੀ ਹੇਠਲੀ ਬਿੰਦੀ (.) ਵਾਲੇ ਦੋ ਅੱਖਰੇ ਸ਼ਬਦ

ਉ਼ੜਾ	ਐ਼ਨ	ਈ਼ੜੀ	ਸ਼ੇ	ਹ਼ੇ	ਕ਼	ਖ਼ੇ	ਗ਼ੈਨ	ਜ਼ੇ/ਜ਼ੋਇ	ਤ਼ੋਇ	ਫ਼ੇ
ਉ਼ਦ	ਐ਼ਬ	ਇ਼ੱਜ਼	ਸ਼ਬ	ਹ਼ਾਲ	ਕ਼ਾਫ਼	ਖ਼ਤ	ਗ਼ਨੀ	ਜ਼ਰ	ਤ਼ਾਕ਼	ਫ਼ਾਸ਼
ਉ਼ਰ	ਅ਼ੜਾ	ਈ਼ਦ	ਸ਼ੁਦ	ਹ਼ੱਲਿ	ਕ਼ੁਰਾਂ	ਖ਼ਰ	ਗ਼ੋਸ਼	ਜ਼ਦ	ਤ਼ਾਸ	ਫ਼ਾਲ
ਉ਼ਲਾ	ਐ਼ਦ	ਈ਼ਸਾ	ਸ਼ੇਕ਼ਿ	ਹ਼ੱਕ਼	ਕ਼ੌਲ	ਖ਼ੁਦਾ	ਗ਼ੁਲ	ਜ਼ਨ	ਤ਼ਿਬ	ਫ਼ਾਕ਼ਾ
ਉ਼ਦੀ	ਅ਼ੱਲਾ	ਇ਼ੱਦਾ	ਸ਼ੇਰਿ	ਹ਼ੈਫ	ਕ਼ੱਦ	ਖ਼ਤਾ	ਗ਼ੈਰ	ਜ਼ਮ	ਤ਼ੁੱਰਾ	ਫ਼ਾਨੀ
ਉ਼ਕਾ	ਅ਼ਾਦ	ਇ਼ੱਸ਼ਾ	ਸ਼ੱਲ	ਹ਼ੀਲਾ	ਕ਼ਾਹ	ਖ਼ਾਲ	ਗ਼ਾਰ	ਜ਼ਬਾਂ	ਤ਼ੌਕ	ਫ਼ਾਮ
ਉ਼ੱਜ	ਅ਼ੱਜ	ਇ਼ੰਦ	ਸ਼ੇਸ਼ਾ	ਹ਼ੈਵਾਂ	ਕ਼ਾਕ਼	ਖ਼ਾਕ	ਗ਼ਾਵ	ਜ਼ਮਾਂ	ਤ਼ੋਪ	ਫ਼ਿਦਾ
ਉ਼ਬ	ਅ਼ਸ਼ਾ	ਇ਼ਬਾ	ਸ਼ੇਖ	ਹ਼ਿਨਾਂ	ਕ਼ਾਨ	ਖ਼ਾਸ	ਗ਼ਾਜ਼ੀ	ਜ਼ਿੱਦੀ	ਤ਼ੂਸ਼	ਫ਼ਰ
ਉ਼ਬ	ਅ਼ਬਾ	ਇ਼ਸ਼ਾ	ਸ਼ੈਦਾ	ਹ਼ੁੱਕਾ	ਕ਼ਾਮ	ਖ਼ਾਰਾ	ਗ਼ਦਾ	ਜ਼ੀਕ	ਤ਼ੈਰ	ਫ਼ੈਜ਼
ਉ਼ਫ	ਅ਼ਲੀ	ਇ਼ਨਾਂ	ਸ਼ੈਖ	ਹ਼ਿੱਸਾ	ਕ਼ੂਤਿ	ਖ਼ਾਤ	ਗ਼ੁੱਸਾ	ਜ਼ਿਯਾ	ਤ਼ੂਤੀ	ਫ਼ੌਕ਼
ਉ਼ਰ	ਅ਼ਕ਼	ਈ਼ਦੀ	ਸ਼ੈਤਾਂ	ਹ਼ਜ਼ੀਂ	ਕ਼ਤ	ਖ਼ਾਜ	ਗ਼ਸ਼	ਤ਼ੌਫ਼	ਫ਼ੂੜਾ	ਫ਼ੌਲ

ਸ਼ਬਦ ਦੀ ਹੇਠਲੀ ਬਿੰਦੀ (.) ਵਾਲੇ ਤਿੰਨ ਅੱਖਰੇ ਸ਼ਬਦ

ਉ਼ੜਾ	ਐ਼ਨ	ਈ਼ੜੀ	ਸ਼ੇ	ਹ਼ੇ	ਕ਼ਾਫ਼	ਖ਼ੇ	ਗ਼ੈਨ	ਜ਼ੇ/ਜ਼ੋਇ	ਤ਼ੋਇ	ਫ਼ੇ
ਉ਼ਕ਼ਬਾ	ਅ਼ਕ਼ੀਕ਼	ਇ਼ਲਾਜ	ਸ਼ਿਅਰ	ਹ਼ੁਨਰ	ਕ਼ਬੂਲ	ਖ਼ਮੋਸ਼ਾ	ਗ਼ਨੀਮ	ਜ਼ਹੂਰ	ਤ਼ਿਫ਼ਲ	ਫ਼ਤਹ
ਉ਼ਮਰ	ਅ਼ਕ਼ਦ	ਇ਼ਬਾਦ	ਸ਼ੁਮਤ	ਹ਼ਰਫ਼	ਕ਼ਾਦਿਰ	ਖ਼ਰਾਸ਼ੀ	ਗ਼ਾਲੀਚਾ	ਜ਼ਰਰ	ਤ਼ਲਾਕ	ਫ਼ਾਤਿਮਾ
ਉ਼ਕਾਬ	ਅ਼ਕ਼ਲ	ਇ਼ਤਾਬ	ਸ਼ਿਕਾਰ	ਹ਼ਾਸਿਲ	ਕ਼ਾਇਮ	ਖ਼ਾਲਿਸਾ	ਗ਼ੁਬਾਰ	ਜ਼ਰੂਰ	ਤ਼ਬਰ	ਫ਼ਾਰੂਕ
ਉ਼ਰਫ਼	ਅ਼ਜ਼ੀਮ	ਇ਼ਜ਼ਜ਼	ਸ਼ੁਤਰ	ਹ਼ਾਫ਼ਿਜ਼	ਕ਼ੁਫ਼ਲਿ	ਖ਼ੁਸ਼ਕ	ਗ਼ਦਰ	ਜ਼ਖ਼ਮ	ਤ਼ੁਫ਼ੈਲ	ਫ਼ਿਤਨ
ਉ਼ਸ਼ਰ	ਆ਼ਲਮ	ਇ਼ਰਾਕ	ਸ਼ਗਾਲ	ਹ਼ਾਕਿਮ	ਕ਼ਰਾਰ	ਖ਼ੁਸਰੋ	ਗ਼ਰਬ	ਜ਼ਿੱਦਾਦ	ਤ਼ਨਬ	ਫ਼ਜਰ
ਉ਼ਨਕਾ	ਅ਼ਲਮ	ਇ਼ਲਾਕ	ਸ਼ਿਗਾਫ਼	ਹ਼ਦੀਸ	ਕ਼ਸਮ	ਖ਼ਸਤਾ	ਗ਼ਰੂਰ	ਜ਼ਬਰ	ਤ਼ਹੀਰ	ਫ਼ਰੁੱਖ
ਉ਼ਜਮ	ਅ਼ਮਲ	ਈ਼ਸਾਈ	ਸ਼ਕਲ	ਹ਼ਰਾਮ	ਕ਼ੁਦਸੀ	ਖ਼ਜ਼ੀਰ	ਗ਼ਰੀਬ	ਜ਼ੁਲਮ	ਤ਼ਬੀਬ	ਫ਼ਿਰਾਕ
ਉ਼ਸ਼ਾਕ	ਅ਼ਨਕਾ	ਇ਼ਲਮ	ਸ਼ਕੂਰ	ਹ਼ਿਰਜ਼	ਕ਼ਲਮ	ਖ਼ਦੰਗ	ਗ਼ਰਕ	ਜ਼ਰਬ	ਤ਼ਹੂਰ	ਫ਼ਤੂਹ
ਉ਼ਬਾਦ	ਅ਼ਤੀਕ਼	ਇ਼ਬਦ	ਸ਼ਕਰ	ਹ਼ੁਕਮ	ਕ਼ੈਸਰ	ਖ਼ਰਾਬ	ਗ਼ਫ਼ੌਰ	ਜ਼ਮਾਨਾ	ਤ਼ੈਰਾਨ	ਫ਼ਤੂਰ
ਉ਼ਬੈਦ	ਅ਼ਰਸ਼	ਇ਼ਸ਼ਰਤ	ਸ਼ਹੀਦ	ਹ਼ਸ਼ਮ	ਕ਼ਾਨੂਨ	ਖ਼ਜ਼ਲ	ਗ਼ੁਲਾਮ	ਜ਼ਮੀਨ	ਤ਼ਵਾਫ਼	ਫ਼ਰਾਜ਼ੀ

ਬਿੰਦੀ (.) ਵਾਲੇ ਚਾਰ ਅੱਖਰੇ ਸ਼ਬਦ

ਉ਼ੜਾ	ਐ਼ਨ	ਈ਼ੜੀ	ਸ਼ੇ	ਹ਼ੇ	ਕ਼ਾਫ਼	ਖ਼ੇ	ਗ਼ੈਨ	ਜ਼ੇ/ਜ਼ੋਇ	ਤ਼ੋਇ	ਫ਼ੇ
ਉ਼ਜਲਤ	ਅ਼ਕ਼ਾਇਦ	ਇ਼ਬਰਤ	ਸ਼ੈਖ਼ੂਖ਼ਤ	ਹਾਜ਼ਿਰੀਨ	ਕ਼ਤਰਾਇ	ਖ਼ਿਦਮਤ	ਗ਼ਿਜ਼ਾਲਤ	ਜ਼ਰਬੰਦਾ	ਤ਼ਰੀਕ਼ਤ	ਫ਼ਿਰਦੌਸ
ਉ਼ਤਾਰਿਦ	ਆ਼ੜ਼ਰੀਨਿ	ਇ਼ਬਰਾਨੀ	ਸ਼ਹਵਤ	ਹਿਫ਼ਾਜ਼ਤ	ਕ਼ਾਨੂੰਨਗੋ	ਖ਼ੁਰਾਸਾਨੀ	ਗ਼ੁਲਗ਼ਲਾ	ਜ਼ਮੀਂਦਾਰ	ਤ਼ਿਲਸਮ	ਫ਼ਰਜ਼ਾਮ
ਉ਼ਸ਼ਾਨ	ਆ਼ਬਿਦਾਨਾ	ਇ਼ਬਾਦਤ	ਸ਼ਿਨਾਖ਼ਤ	ਹ਼ੱਕ਼ਦਾਰ	ਕ਼ਰਾਬੀਨ	ਖ਼ਾਤਿਮਾਹ	ਗ਼ਮਖ਼ਾਰ	ਜ਼ਮਜ਼ਮਾ	ਤਹਾਰਤ	ਫ਼ਿਰਸ਼ਿਤਾ
ਉ਼ਰਯਾਨ	ਆ਼ਫ਼ੀਯਤ	ਇ਼ਬਾਰਾਨੀ	ਸ਼ਿਕਦਾਰ	ਹ਼ੱਕੀਯਤ	ਕ਼ਰਾਵੂਲ	ਖ਼ਾਰਬੰਦ	ਗ਼ਲਤਾਨ	ਜ਼ਮਾਨਤ	ਤ਼ਾਕਦੀਸ	ਫ਼ਰਹੰਗ
ਉ਼ਕਬਹ	ਆ਼ਕ਼ਿਬਤ	ਇ਼ਰਫ਼ਾਨ	ਸ਼ਿਕਸ਼ਤ	ਹ਼ਕ਼ੀਕ਼ਤ	ਕ਼ਰਕ਼ਫ	ਖ਼ਾਕਸਾਰੀ	ਗ਼ਲਤਾਕ਼	ਜ਼ਾਫ਼ਰਾਨੀ	ਤ਼ਰਫ਼ਗੀ	ਫ਼ਕੀਰਾਨਾ
ਉ਼ਕਦਹ	ਅ਼ਜ਼ਾਇਬ	ਇ਼ਸ਼ਕਸ਼	ਸ਼ਲਤਾਕ	ਹ਼ਵਾਲਹ	ਕ਼ਸਾਇਦ	ਖ਼ਾਕਬਾਜ਼ੀ	ਗ਼ਫ਼ਲਤ	ਜ਼ਮੀਨਸ਼	ਤ਼ਬੀਯਤ	ਫ਼ਲਾਤੂਨ
ਉ਼ਕ਼ੂਲਹ	ਅ਼ਕ਼ੀਦਤ	ਇ਼ਵਜ਼ਸ਼	ਸ਼ਲਤੂਕ	ਹ਼ਿਕਮਤ	ਕ਼ਹਕ਼ਹਾ	ਖ਼ਾਲਖ਼ਾਨਾ	ਗ਼ਾਲਿਬਾਨ	ਜ਼ਿੰਦਗਾਨੀ	ਤ਼ਰਫ਼ੈਨ	ਫ਼ਲਾਸਿਫ਼ਾ
ਉ਼ਮਰਸ਼	ਅ਼ਬਕਰ	ਈ਼ਦੀਅਹ	ਸ਼ਤਰੰਜ	ਹ਼ਜ਼ਰਤੇ	ਕ਼ਿਤ਼ਮੀਰ	ਖ਼ਾਨਾਬਾਜ਼	ਗ਼ਿਰਬਾਨ	ਜ਼ਿੰਮਾਦਾਰੀ	ਤ਼ਿਫ਼ਲਬ	ਫ਼ੀਲਬੰਦ
ਉ਼ਮਕਸ਼	ਅ਼ਦਾਵਤ	ਈ਼ਦਗਾਹ	ਸ਼ਾਦਗੂਨਾ	ਹ਼ਲਾਵਤ	ਕ਼ਰਕ਼ਰ	ਖ਼ੁਦਾਵੰਦਿ	ਗ਼ਰਕਾਬ	ਜ਼ਿਯਾਫ਼ਤ	ਤ਼ਰਫ਼ਗੀ	ਫ਼ੀਲਖ਼ਾਨਾ

ਸ਼ਬਦ ਦੀ ਹੇਠਲੀ ਬਿੰਦੀ (.) ਵਾਲੇ ਰਲੇ-ਮਿਲੇ ਅੱਖਰ

ਪੋਸ਼	ਕ਼ਾਜ਼ੀ	ਐ਼ਦ	ਹ਼ਕ਼ੀਕ਼ਤ	ਗ਼ੋਸ਼	ਦਰੋ.ਗਾ	ਨੁਖ਼ਦ
ਸ਼ੁਦ	ਤ਼ਾਕ਼	ਹ਼ਕ਼	ਕ਼ਤਰਹ	ਹ਼ੈਫ	ਆ਼ਜਿਜ਼	ਅ਼ਲਮ
ਜ਼ਖ਼ਮ	ਇ਼ਲਮ	ਇ਼ੱਜ਼	ਤ਼ਰਫ਼	ਜ਼ਨ	ਸ਼ਿਕਨ	ਖ਼ਮੋਸ਼ਾਂ
ਜ਼ਰਦ	ਜ਼ਰੱਹ	ਖ਼ਰਾਸ਼ੀ	ਤ਼ਬਰ	ਜ਼ਰ	ਜੁਮਅ਼ਾ	ਅ਼ਜ਼ੀਮ
ਗ਼ਰੀਬੁਲ	ਹ਼ਰਫ	ਤ਼ਬੀਯਤ	ਅ਼ਕ਼ਲ	ਜ਼ਦ	ਖ਼ੁਦਾਵੰਦਿ	ਗਜ਼ਾਫ
ਕ਼ਤਰਹ	ਹ਼ੁਨਰ	ਹਿ਼ਕਾਯਤ	ਤ਼ੌਕ਼	ਜ਼ਮ	ਤ਼ਰਾਕ	ਜ਼ਹੂਰ

ਵਿਸ਼ੇਸ਼ ਨੋਟ :- ਫ਼ਾਰਸੀ ਦੀ ਕਾਵਿ-ਰਚਨਾ ਚ' ਲਫ਼ਜ਼ਾਂ ਦੇ ਪੈਰਾਂ ਚ' ਵਰਤੀਆਂ ਜਾਣ ਵਾਲੀਆਂ ਬਿੰਦੀਆਂ ਦਾ ਯੋਗ ਉੱਚਾਰਣ ਜ਼ਰੂਰ ਕਰਨਾ ਚਾਹੀਦਾ ਹੈ ਕਿਉਂਕਿ ਇਹ ਬਿੰਦੀਆਂ ਲਫ਼ਜ਼ਾਂ ਦੇ ਅਰਥਾਂ ਚ' ਬਹੁਤ ਫ਼ਰਕ ਪਾ ਦਿੰਦੀਆਂ ਹਨ। ਜਿਵੇਂ ਭਾਈ ਗੁਰਦਾਸ ਸਾਹਿਬ ਜੀ ਆਪਣੀ ਸ੍ਵੈ-ਰਚਨਾ ਚ' ਲਿਖਦੇ ਹਨ ਕਿ :

ਯਥਾ - ਇਕਤੁ ਨੁਕਤੈ ਹੋਇ ਜਾਇ, ਮਹਰਮੁ ਮੁਜਰਮ ਖੈਰ ਖੁਆਰੀ ॥

ਫ਼ਾਰਸੀ ਵਿੱਚ ਇੱਕ ਨੁਕਤੈ= ਬਿੰਦੀ ਲੱਗਣ ਨਾਲ ਹੀ ਮਹਰਮ = ਨਜ਼ੀਦੀਕੀ ਤੋਂ ਮੁਜਰਮ ਬਣ ਜਾਂਦਾ ਹੈ। ਫ਼ਾਰਸੀ ਚ' ਜਦ ਮਹਰਮ ਲਿਖਦੇ ਹਨ ਤਾਂ ਮੀਮ, ਹੇ, ਰੇ, ਮੀਮ ਹਰਫ਼ (ਅੱਖਰ) ਲਿਖ ਕੇ ਲਿਖਿਆ ਜਾਂਦਾ ਹੈ। ਜਦ ਮੁਜਰਮ ਲਿਖਿਆ ਜਾਵੇ ਤਾਂ ਮੀਮ, ਜੀਮ, ਰੇ, ਮੀਮ ਹਰਫ਼ ਲਿਖ ਕੇ ਲਿਖਿਆ ਜਾਂਦਾ ਹੈ। ਹੁਣ ਫ਼ਾਰਸੀ ਅੱਖਰਾਂ 'ਚ ਮਹਰਮ ਅਤੇ ਮੁਜਰਮ ਚ' ਫ਼ਰਕ ਦੇਖਿਆ ਜਾਵੇ ਤਾਂ ਸਿਰਫ਼ ਹੇ ਤੇ ਜੀਮ ਦਾ ਹੈ ਤਾਂ ਹੀ ਭਾਈ ਗੁਰਦਾਸ ਸਾਹਿਬ ਜੀ ਕਹਿੰਦੇ ਹਨ ਕਿ ਜੇਕਰ "ح" ਹੇ ਦੇ ਵਿੱਚ ਇੱਕ ਨੁਕਤਾ (ਬਿੰਦੀ) ਲੱਗ ਜਾਵੇ ਤਾਂ "ج"

ਸਵੰਧ ਅਠਾਰਵਾਂ

[illegible]

ਸ਼ਬਦ ਦੀ ਹੇਠਲੀ ਬਿੰਦੀ ( ) ਵਾਲੇ ਦੋ ਅੱਖਰੇ ਸ਼ਬਦ

[illegible]

ਸ਼ਬਦ ਦੀ ਹੇਠਲੀ ਬਿੰਦੀ ( ) ਵਾਲੇ ਤਿੰਨ ਅੱਖਰੇ ਸ਼ਬਦ

[illegible]

ਬਿੰਦੀ ( ) ਵਾਲੇ ਚਾਰ ਅੱਖਰੇ ਸ਼ਬਦ

[illegible]

ਸ਼ਬਦ ਦੀ ਹੇਠਲੀ ਬਿੰਦੀ ( ) ਵਾਲੇ ਰਲੇ-ਮਿਲੇ ਅੱਖਰ

[illegible]

ਵਿਸ਼ੇਸ਼ ਨੋਟ :- [illegible]

ਸਕੰਧ ਅਠਾਰਵਾਂ

ਫ਼ਾਰਸੀ ਦੀ ਗੁਰਮਤਿ ਕਾਵਿ-ਰਚਨਾ ਵਿੱਚ ਪੈਰ-ਬਿੰਦੀ ਇਕ ਵਿਸ਼ੇਸ਼ ਮਾਤ੍ਰਾ ਹੈ ਅਤੇ ਅਭਿਆਸ ਵਾਸਤੇ ਪੈਰ-ਬਿੰਦੀ ਵਾਲੇ ਅੱਖਰਾਂ ਦੀ ਵੰਨਗੀ ਇਸ ਪ੍ਰਕਾਰ ਹੈ।

ਸ਼ਬਦ ਦੀ ਹੇਠਲੀ ਬਿੰਦੀ (̣) ਵਾਲੇ ਦੋ ਅੱਖਰੇ ਸ਼ਬਦ

ਊ਼ੜਾ	ਐ਼ਨ	ਈ਼ੜੀ	ਸ਼ੇ	ਹ਼ੇ	ਕ਼	ਖ਼ੇ	ਗ਼ੈਨ	ਜ਼ੇ/ਜ਼ੋਇ	ਤ਼ੋਇ	ਫ਼ੇ
ਊ਼ਦ	ਐ਼ਬ	ਇ਼ੱਜ਼	ਸ਼ਬ	ਹ਼ਾਲ	ਕ਼ਾਫ਼	ਖ਼ਤ	ਗ਼ਨੀ	ਜ਼ਰ	ਤ਼ਾਕ਼	ਫ਼ਾਸ਼
ਊ਼ਰ	ਅ਼ੜ਼ਾ	ਈ਼ਦ	ਸ਼ੁਦ	ਹ਼ੌਲ	ਕ਼ੁਰਾਂ	ਖ਼ਰ	ਗ਼ੌਸ਼	ਜ਼ਦ	ਤ਼ਾਸ	ਫ਼ਾਲ
ਊ਼ਲਾ	ਐ਼ਦ	ਈ਼ਸਾ	ਸ਼ੌਕਿ਼	ਹ਼ੱਕ਼	ਕ਼ੌਲ	ਖ਼ੁਦਾ	ਗ਼ੂਲ	ਜ਼ਨ	ਤ਼ਿਬ	ਫ਼ਾਕ਼ਾ
ਊ਼ਦੀ	ਅ਼ੱਲਾ	ਇ਼ੱਦਾ	ਸ਼ੇਰਿ	ਹ਼ੈਫ਼	ਕ਼ੱਦ	ਖ਼ਤਾ	ਗ਼ੈਰ	ਜ਼ਮ	ਤ਼ੁੱਰਾ	ਫ਼ਾਨੀ
ਊ਼ਕਾ	ਆ਼ਦ	ਇ਼ੱਸ਼ਾ	ਸ਼ੱਲ	ਹ਼ੀਲਾ	ਕ਼ਾਹ	ਖ਼ਾਲ	ਗ਼ਾਰ	ਜ਼ਬਾਂ	ਤ਼ੌਕ	ਫ਼ਾਮ
ਊ਼ੰਜ	ਅ਼ੱਜ਼	ਇ਼ੰਦ	ਸ਼ੋਸ਼ਾ	ਹ਼ੈਵਾਂ	ਕ਼ਾਕ਼	ਖ਼ਾਕ	ਗ਼ਾਵ	ਜ਼ਮਾਂ	ਤ਼ੋਪ	ਫ਼ਿਦਾ
ਊ਼ਸ਼	ਅ਼ਸ਼ਾ	ਇ਼ਬਾ	ਸ਼ੇਖ਼	ਹ਼ਿਨਾਂ	ਕ਼ਾਨ	ਖ਼ਾਸ	ਗ਼ਾਜ਼ੀ	ਜ਼ਿੱਦੀ	ਤ਼ੁਸ਼	ਫ਼ਰ
ਊ਼ੱਬ	ਅ਼ਬਾ	ਇ਼ਸ਼ਾ	ਸ਼ੈਦਾ	ਹ਼ੁੱਕਾ	ਕ਼ਾਮ	ਖ਼ਾਰਾ	ਗ਼ਦਾ	ਜ਼ੀਕ	ਤ਼ੈਰ	ਫ਼ੈਜ਼
ਊ਼ਫ਼	ਅ਼ਲੀ	ਇ਼ਨਾਂ	ਸ਼ੈਖ਼	ਹ਼ਿੱਸਾ	ਕ਼ੁਤਿ	ਖ਼ਾਤ	ਗ਼ੁੱਸਾ	ਜ਼ਿਯਾ	ਤ਼ੂਤੀ	ਫ਼ੌਕ਼
ਊ਼ਰ	ਅ਼ਕ਼	ਈ਼ਦੀ	ਸ਼ੈਤਾਂ	ਹ਼ਜ਼ੀਂ	ਕ਼ਤ	ਖ਼ਾਜ	ਗ਼ਸ਼	ਜ਼ੌਫ਼	ਤ਼ੂੜਾ	ਫ਼ੌਲ

ਸ਼ਬਦ ਦੀ ਹੇਠਲੀ ਬਿੰਦੀ (̣) ਵਾਲੇ ਤਿੰਨ ਅੱਖਰੇ ਸ਼ਬਦ

ਉੱਤਰ:- ਸਿੱਧ-ਸਭਾ, ਸੰਤ-ਸਭਾ, ਸਾਧ-ਸਭਾ, ਗੁਰ-ਸਭਾ, ਦੁਸ਼ਟ-ਸਭਾ।

ਸੱਤ

51. ਪ੍ਰਸ਼ਨ:- **ਸੱਤਾਂ ਦੀਪਾਂ ਦੇ ਨਾਮ ਦੱਸੋ ?**
ਉੱਤਰ:- ਜੰਬੂ, ਪਲਖ, ਸ਼ਾਲਮਲਿ, ਕੁਸ਼, ਪੁਸ਼ਕਰ, ਸ਼ਾਕ, ਕ੍ਰੌਂਚ।

52. ਪ੍ਰਸ਼ਨ:- **ਸੱਤਾਂ ਸਮੁੰਦਰਾਂ ਦੇ ਨਾਮ ਦੱਸੋ ?**
ਉੱਤਰ:- ਦੁੱਧ ਦਾ ਸਮੁੰਦਰ, ਦਹੀਂ ਦਾ ਸਮੁੰਦਰ, ਜ਼ਹਿਰ ਦਾ ਸਮੁੰਦਰ, ਜਲ ਦਾ ਸਮੁੰਦਰ, ਘਿਓ ਦਾ ਸਮੁੰਦਰ, ਸ਼ਰਾਬ ਦਾ ਸਮੁੰਦਰ, ਸ਼ਹਿਦ ਦਾ ਸਮੁੰਦਰ।

53. ਪ੍ਰਸ਼ਨ:- **ਸੱਤਾਂ ਪਤਾਲਾਂ ਦੇ ਨਾਮ ਦੱਸੋ?**
ਉੱਤਰ:- ਅਤਲ, ਵਿਤਲ, ਸੁਤਲ, ਰਸਾਤਲ, ਪਾਤਾਲ, ਮਹਾਤਲ, ਤਲਾਤਲ।

54. ਪ੍ਰਸ਼ਨ:- **ਸੱਤਾਂ ਅਕਾਸ਼ਾਂ ਦੇ ਨਾਮ ਦੱਸੋ ?**
ਉੱਤਰ:- ਭੂਰ, ਭਵਰ, ਜਨ, ਮਹਰ, ਤਪ, ਸਤ, ਸੂਰ।

55. ਪ੍ਰਸ਼ਨ:- **ਸੱਤਾਂ ਦਿਨਾਂ ਦੇ ਨਾਮ ਦੱਸੋ ?**
ਉੱਤਰ:- ਸੋਮਵਾਰ, ਮੰਗਲਵਾਰ, ਬੁੱਧਵਾਰ, ਵੀਰਵਾਰ, ਸ਼ੁੱਕਰਵਾਰ, ਸ਼ਨੀਵਾਰ, ਐਤਵਾਰ।

56. ਪ੍ਰਸ਼ਨ:- **ਸੱਤਾਂ ਸੁਰਾਂ ਦੇ ਨਾਮ ਦੱਸੋ?**
ਉੱਤਰ:- ਸਾ, ਰੇ, ਗਾ, ਮਾ, ਪਾ, ਧਾ, ਨੀ।

57. ਪ੍ਰਸ਼ਨ:- **ਸੱਤਾਂ ਰਿਸ਼ੀਆਂ ਦੇ ਨਾਮ ਦੱਸੋ ?**
ਉੱਤਰ:- ਮ੍ਰੀਚ, ਅੱਤ੍ਰੀ, ਪੁਲ, ਪੁਲਸ਼ਤ, ਕ੍ਰਾਤੁ, ਵਿਸ਼ਿਸ਼ਟ, ਅੰਗਰਾ।

58. ਪ੍ਰਸ਼ਨ:- **ਸੱਤਾਂ ਪਰਬਤਾਂ ਦੇ ਨਾਮ ਦੱਸੋ?**
ਉੱਤਰ:- ਹਿੰਮਵਾਨ, ਹੇਮਕੁੰਟ, ਨਿਸ਼ਟ, ਕਣੀ, ਸਮੇਰ, ਚੈਤ੍ਰ, ਸ੍ਰਿੰਗੀ।

59. ਪ੍ਰਸ਼ਨ:- **ਸੱਤਾਂ ਸੁਧਾਂ ਦੇ ਨਾਮ ਦੱਸੋ?**
ਉੱਤਰ:- ਧੀਰਜ, ਬੁਧੀ, ਵਿਵੇਕ, ਬਲ, ਗਤਮਿਤ, ਐਸਰ, ਬਾਤ।

60. ਪ੍ਰਸ਼ਨ:- **ਗਿਆਨ ਦੀਆਂ ਸੱਤ ਭੂਮਿਕਾਂ ਦੇ ਨਾਮ ਦੱਸੋ?**
ਉੱਤਰ:- 1. ਸ਼ੁਭ ਇੱਛਾ (ਮੁਕਤੀ ਦੀ ਇੱਛਾ), 2. ਸੁਵਿਚਾਰਨਾ (ਵਿਵੇਕ ਦੀ ਪ੍ਰਾਪਤੀ), 3. ਤਨੁਮਾਨਸਾ (ਮਨ 'ਚ ਸੰਕਲਪਾਂ ਦੀ ਕਮੀ) 4. ਸਤ੍ਵਾਪਤਿ (ਬ੍ਰਹਮ ਗਿਆਨ ਦੀ ਪ੍ਰਾਪਤੀ), 5. ਅਸੰਸਕਤਿ (ਰਿਧੀਆਂ ਸਿੱਧੀਆਂ ਤੋਂ ਉਪਰਾਮਤਾ), 6. ਪਦਾਰਥਾਭਾਵਨੀ (ਪ੍ਰਭੂ ਬਿਨਾਂ ਹੋਰ ਇਛਾਵਾਂ ਦਾ ਮਿਟ ਜਾਣਾ), 7. ਤੁਰੀਆ (ਚੌਥਾ ਪਦ)।

61. ਪ੍ਰਸ਼ਨ:- **ਸੱਤ ਪ੍ਰਕਾਰ ਦੇ ਭੈ ਦੇ ਨਾਮ ਦੱਸੋ ?**
ਉੱਤਰ:- ਲੋਕ ਭੈ, ਪਰਲੋਕ ਭੈ, ਜਨਮ ਭੈ, ਜਾਤਿ ਭੈ, ਅਨ-ਰਖਿਆ ਭੈ, ਗੁਪਤ ਭੈ, ਅਕਸਮਾਤ੍ ਭੈ।

ਅੱਠ

62. ਪ੍ਰਸ਼ਨ:- **ਸਰੀਰ ਦੀਆਂ ਅੱਠ ਧਾਤਾਂ ਦੇ ਨਾਮ ਦੱਸੋ ?**
ਉੱਤਰ:- ਰਕਤ, ਮਾਸ, ਪਿਤ, ਵੀਰਜ, ਮੇਦ, ਚਰਬੀ, ਹੱਡੀਆਂ, ਰੋਮ।

63. ਪ੍ਰਸ਼ਨ:- **ਸੰਸਾਰ ਦੀਆਂ ਅੱਠ ਧਾਤਾਂ ਦੇ ਨਾਮ ਦੱਸੋ ?**
ਉੱਤਰ:- ਸਰਬਲੋਹ, ਸੋਨਾ, ਚਾਂਦੀ, ਤਾਂਬਾ, ਕਲੀ, ਪਾਰਾ, ਜਿਸਤ, ਸਿੱਕਾ। ਅੱਠਾਂ ਧਾਂਤਾਂ ਵਿੱਚੋਂ ਸਰਬਲੋਹ ਧਾਤ ਸਭ ਤੋਂ ਉੱਤਮ ਧਾਤ ਹੈ।

64. ਪ੍ਰਸ਼ਨ:- **ਪ੍ਰਮੁੱਖ ਅੱਠਾਂ ਦੇਵਤਿਆਂ (ਸਾਖੀ) ਦੇ ਨਾਮ ਦੱਸੋ ?**
ਉੱਤਰ:- ਸੂਰਜ, ਚੰਦਰਮਾਂ, ਧ੍ਰੂਵ, ਧਰਤੀ, ਅੱਗ, ਹਵਾ, ਪ੍ਰਤਿਊਸ, ਪ੍ਰਭਾਸ।

65. ਪ੍ਰਸ਼ਨ:- **ਅੱਠ ਉੱਚਾਰਣ ਸਥਾਨਾਂ ਦੇ ਨਾਮ ਦੱਸੋ ?**
ਉੱਤਰ:- ਕੰਠ, ਰਿਦਾ, ਸਿਰ, ਜੀਭ ਦਾ ਮੂਲ, ਦੰਦ, ਤਾਲੂ, ਨੱਕ, ਹੋਂਠ।

ਨੌਂ

66. ਪ੍ਰਸ਼ਨ:- **ਨੌਂ ਨਾਥਾਂ ਦੇ ਨਾਮ ਦੱਸੋ?**
ਉੱਤਰ:- ਗੋਰਖ, ਮਛੰਦਰ, ਧੂਰਤੀ, ਚਰਪਟ, ਘੁੱਘੂ, ਪ੍ਰਾਣ, ਗੋਪੀ, ਚੰਬਾ, ਮੰਗਲ।

67. ਪ੍ਰਸ਼ਨ:- **ਨੌਂ ਪ੍ਰਕਾਰ ਦੀ ਭਗਤੀ ਦੇ ਨਾਮ ਦੱਸੋ?**
ਉੱਤਰ:- ਸ੍ਰਵਣ, ਕੀਰਤਨ, ਸਿਮਰਨ, ਪਾਦਸੇਵਨ, ਅਰਚਨ, ਬੰਦਨ, ਦਾਸਯ, ਆਤਮ ਨਿਵੇਦਨ, ਮੈਤ੍ਰੀ।

68. ਪ੍ਰਸ਼ਨ:- **ਨੌਂ ਨਿਧੀਆਂ ਦੇ ਨਾਮ ਦੱਸੋ?**
ਉੱਤਰ:- ਪਦਮ, ਮਹਾਂ ਪਦਮ, ਮਕਰ, ਕੱਛਪ, ਮੁਕੰਦ, ਕੁੰਦ, ਨੀਲ, ਵਰਚ, ਸੰਖ।

69. ਪ੍ਰਸ਼ਨ:- **ਸਰੀਰ ਦੇ ਨੌਂ ਦਰਵਾਜਿਆਂ ਦੇ ਨਾਮ ਦੱਸੋ?**
ਉੱਤਰ:- ਦੋ ਅੱਖਾਂ, ਦੋ ਕੰਨ, ਦੋ ਨਾਸਕਾਂ, ਮੂੰਹ, ਲਿੰਗ, ਗੁਦਾ।

ਦਸ

70. ਪ੍ਰਸ਼ਨ:- **ਵਿਸ਼ਨੂੰ ਜੀ ਦੇ ਪ੍ਰਮੁੱਖ ਦਸ ਅਵਤਾਰਾਂ ਦੇ ਨਾਮ ਦੱਸੋ ?**
ਉੱਤਰ:- ਮੱਛ, ਕੱਛ, ਨਰਸਿੰਘ, ਵਰਾਹ, ਬੁੱਧ, ਵਾਮਨ, ਪਰਸਰਾਮ, ਰਾਮ, ਕ੍ਰਿਸ਼ਨ, ਕਲਕੀ।

71. ਪ੍ਰਸ਼ਨ:- **ਧਰਮ ਦੇ ਦਸ ਚਿੰਨ੍ਹਾਂ (ਨਿਸ਼ਾਨੀਆਂ) ਦੇ ਨਾਮ ਦੱਸੋ?**
ਉੱਤਰ:- ਦਯਾ, ਖਿਮਾ, ਮ੍ਰਿਦੁ, ਸੀਲ, ਸੁੱਚ, ਸੱਤ ਬਚਨ, ਤਪ, ਦਾਨ, ਅਹਿੰਸਾ, ਤ੍ਰਿਸ਼ਨਾ ਰਹਿਤ।

72. ਪ੍ਰਸ਼ਨ:- **ਦਸ ਇੰਦਰਿਆਂ ਦੇ ਨਾਮ ਦੱਸੋ?**
ਉੱਤਰ:- ਅੱਖਾਂ, ਕੰਨ, ਨੱਕ, ਜੀਭ, ਤੁਚਾ, ਹੱਥ, ਪੈਰ, ਮੂੰਹ, ਗੁਦਾ, ਲਿੰਗ।

73. ਪ੍ਰਸ਼ਨ:- **ਦਸ ਦਿਸਾਵਾਂ ਦੇ ਨਾਮ ਦੱਸੋ?**

ਉੱਤਰ:- ਪੂਰਬ, ਪੱਛਮ, ਉੱਤਰ, ਦੱਖਣ, ਅਗਨਿ-ਕੋਣ, ਵਾਯਵੀ-ਕੋਣ, ਨੈਰਿਤ-ਕੋਣ, ਈਸ਼ਾਨ-ਕੋਣ, ਪਾਤਾਲ, ਆਕਾਸ਼।

ਬਾਰਾਂ

74. ਪ੍ਰਸ਼ਨ:- **ਦੇਸ਼ੀ ਬਾਰਾਂ ਮਹੀਨਿਆਂ ਦੇ ਨਾਮ ਦੱਸੋ?**

ਉੱਤਰ:- ਚੇਤ, ਵਿਸਾਖ, ਜੇਠ, ਹਾੜ੍ਹ, ਸਾਵਨ, ਭਾਦੁਇ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ। ਦੇਸ਼ੀ ਮਹੀਨਿਆਂ ਦਾ ਅਰਥ ਹੈ, ਸਾਡੇ ਦੇਸ਼ ਦੇ ਮਹੀਨੇ।

75. ਪ੍ਰਸ਼ਨ:- **ਅੰਗਰੇਜ਼ੀ ਬਾਰਾਂ ਮਹੀਨਿਆਂ ਦੇ ਨਾਮ ਦੱਸੋ?**

ਉੱਤਰ:- ਜਨਵਰੀ, ਫਰਵਰੀ, ਮਾਰਚ, ਅਪ੍ਰੈਲ, ਮਈ, ਜੂਨ, ਜੁਲਾਈ, ਅਗਸਤ, ਸਤੰਬਰ, ਅਕਤੂਬਰ, ਨਵੰਬਰ, ਦਸੰਬਰ।

76. ਪ੍ਰਸ਼ਨ:- **ਬਾਰਾਂ ਰਾਸ਼ੀਆਂ ਦੇ ਨਾਮ ਦੱਸੋ?**

ਉੱਤਰ:- ਮੇਖ, ਮਿਥਨ, ਬ੍ਰਿਖ, ਕਰਕ, ਸਿੰਘ, ਕੰਨਿਆ, ਤੁਲਾ, ਧਨੁ, ਮੀਨ, ਕੁੰਭ, ਬ੍ਰਿਸ਼ਚਕ, ਮਕਰ।

77. ਪ੍ਰਸ਼ਨ:- **ਨਿਹੰਗ ਸਿੰਘਾਂ ਦੀਆਂ ਬਾਰਾਂ ਮਿਸਲਾਂ ਦੇ ਨਾਮ ਦੱਸੋ?**

ਉੱਤਰ:- ਮਿਸਲ ਸ਼ਹੀਦਾਂ, ਸਿੰਘਪੁਰੀਆ ਮਿਸਲ, ਆਹਲੂਵਾਲੀਆ ਮਿਸਲ, ਸ਼ੁੱਕਰ-ਚੱਕੀਆ ਮਿਸਲ, ਡੱਲੇਵਾਲੀਆ ਮਿਸਲ, ਕਰੋੜੀਆ ਮਿਸਲ, ਕਨੱਯਾ ਮਿਸਲ, ਨਿਸ਼ਾਨਾਂ ਵਾਲੀਆ ਮਿਸਲ, ਨਕੱਯਾ ਮਿਸਲ, ਭੰਗੀ ਮਿਸਲ, ਰਾਮਗੜ੍ਹੀਆ ਮਿਸਲ, ਫੈਜ਼ੁਲਪੁਰੀਆ ਮਿਸਲ।

ਚੌਦਾਂ

78. ਪ੍ਰਸ਼ਨ:- **ਚੌਦਾਂ ਲੋਕਾਂ ਦੇ ਨਾਮ ਦੱਸੋ ?**

ਉੱਤਰ:- ਸੱਤ ਲੋਕ, ਬੈਕੁੰਠ ਲੋਕ, ਸ਼ਿਵ ਲੋਕ, ਸੂਰਜ ਲੋਕ, ਦੇਵ ਲੋਕ, ਪਿੱਤ੍ਰ ਲੋਕ, ਸਿੱਧ ਲੋਕ, ਮਾਯਾ ਲੋਕ, ਜਮ ਲੋਕ, ਗੰਧ੍ਰਬ ਲੋਕ, ਯਖ ਲੋਕ, ਕਿੰਨਰ ਲੋਕ, ਨਾਗ ਲੋਕ, ਦੈਂਤ ਲੋਕ।

ਪੰਦਰਾਂ

79. ਪ੍ਰਸ਼ਨ:- **ਪੰਦਰਾਂ ਥਿੱਤਾਂ ਦੇ ਨਾਮ ਦੱਸੋ ?**

ਉੱਤਰ:- ਏਕਮ, ਦੂਜ, ਤੀਜ, ਚੌਥ, ਪੰਚਮਿ, ਛਟ, ਸਪਤਮੀ, ਅਸ਼ਟਮੀ, ਨਵਮੀ, ਦਸਮੀ, ਏਕਾਦਸਿ, ਦੁਆਦਸਿ, ਤ੍ਰੌਦਸਿ, ਚੌਦਸਿ, ਮੱਸਿਆ ਜਾਂ ਪੂਰਨਮਾਸ਼ੀ।

ਸਤਾਰਾਂ

80. ਪ੍ਰਸ਼ਨ:- **ਸਤਾਰਾਂ ਭੱਟਾਂ ਦੇ ਨਾਮ ਦੱਸੋ ?**

ਉੱਤਰ:- ਕੀਰਤ, ਸਲ, ਬਲ, ਨਲ, ਭਲ, ਹਰਿਬੰਸ, ਕਲਸਹਾਰ, ਮਥੁਰਾ, ਜਾਲਪ, ਗਯੰਦ, ਭਿੱਖਾ, ਕਲ, ਜਲ, ਟਲ, ਗੰਗ, ਦਾਸ, ਜਲ੍ਹਨ।

ਅਠਾਰਾਂ

81. ਪ੍ਰਸ਼ਨ:- **ਅਠਾਰਾਂ ਪੁਰਾਣਾ ਦੇ ਨਾਮ ਦੱਸੋ ?**

ਉੱਤਰ:- ਬ੍ਰਹਮ, ਪਦਮ, ਵੈਵਰਤ, ਅਗਨਿ, ਵਿਸ਼ਨੂੰ, ਗਰੁੜ, ਭਾਗਵਤ, ਮਤਸ੍ਯ, ਭਵਿਖਤ, ਸ਼ਿਵ, ਕੂਰਮ, ਸੁਕੰਧ, ਨਾਰਦਿ, ਮਾਰਕੰਡੇ, ਵਰਾਹ, ਲਿੰਗ, ਵਾਮਨ, ਬ੍ਰਹਮਾਂਡ।

82. ਪ੍ਰਸ਼ਨ:- **ਅਠਾਰਾਂ ਸਿੱਧੀਆਂ ਦੇ ਨਾਮ ਦੱਸੋ ?**

ਉੱਤਰ:- ਅਣਮਾ, ਮਹਿਮਾ, ਲਘਿਮਾ, ਪ੍ਰਾਪਤੀ, ਪਰਕਾਮਯ, ਈਸ਼ਵਤਾ, ਵਸ਼ਿਤਾ, ਗਰਮ, ਅਨੂਰਮਿ, ਦੂਰ ਸ਼੍ਰਵਨ, ਦੂਰ ਦਰਸ਼ਨ, ਮਨੋਵੇਗ, ਕਾਮ ਰੂਪ, ਪਰਕਾਯ ਪ੍ਰਵੇਸ਼, ਸੁਛੰਦ ਮ੍ਰਿਤੂ, ਸੁਰ ਕ੍ਰੀੜਾਂ ਦਰਸ਼ਨ, ਸੰਕਲਪ, ਅਪ੍ਰਹਤ।

ਇੱਕੀ

83. ਪ੍ਰਸ਼ਨ:- **ਇੱਕੀ ਕੁਲਾਂ ਦੇ ਨਾਮ ਦੱਸੋ ?**

ਉੱਤਰ:- ਸੱਤ ਨਾਨਕਿਆਂ ਦੀਆਂ, ਸੱਤ ਦਾਦਕਿਆਂ ਦੀਆਂ ਅਤੇ ਸੱਤ ਸੁਹਰਿਆਂ ਦੀਆਂ।

ਬਾਈ

84. ਪ੍ਰਸ਼ਨ:- **ਗੁਰੂ ਗ੍ਰੰਥ ਸਾਹਿਬ ਵਿੱਚ ਵਰਤੀਆਂ ਗਈਆਂ ਬਾਈ ਵਾਰਾਂ ਦੇ ਨਾਮ ਦੱਸੋ?**

ਉੱਤਰ:- ਸਿਰੀ ਰਾਗ ਦੀ ਵਾਰ, ਮਾਝ ਦੀ ਵਾਰ, ਬਿਹਾਗੜਾ ਦੀ ਵਾਰ, ਆਸਾ ਦੀ ਵਾਰ, ਸਾਰਗ ਦੀ ਵਾਰ, ਮਲਾਰ ਦੀ ਵਾਰ, ਵਡਹੰਸ ਦੀ ਵਾਰ, ਸੋਰਠਿ ਦੀ ਵਾਰ, ਜੈਤਸਰੀ ਦੀ ਵਾਰ, ਸੂਹੀ ਦੀ ਵਾਰ, ਬਸੰਤ ਕੀ ਵਾਰ, ਬਿਲਾਵਲ ਦੀ ਵਾਰ, ਕਾਨੜੇ ਦੀ ਵਾਰ, ਗਉੜੀ ਦੀਆਂ ਦੋ ਵਾਰਾਂ, ਗੂਜਰੀ ਦੀਆਂ ਦੋ ਵਾਰਾਂ, ਮਾਰੂ ਦੀਆਂ ਦੋ ਵਾਰਾਂ, ਰਾਮਕਲੀ ਦੀਆਂ ਤਿੰਨ ਵਾਰਾਂ।

ਚਾਲੀ

85. ਪ੍ਰਸ਼ਨ:- **ਚਾਲੀ ਮੁਕਤਿਆਂ ਦੇ ਨਾਮ ਦੱਸੋ?**

ਉੱਤਰ:- ਸਹਜ ਸਿੰਘ, ਸਰਦੂਲ ਸਿੰਘ, ਸਰੂਪ ਸਿੰਘ, ਸਾਹਿਬ ਸਿੰਘ, ਸੁਜਾਨ ਸਿੰਘ, ਸ਼ੇਰ ਸਿੰਘ, ਸੇਵਾ ਸਿੰਘ, ਸੰਗੋ ਸਿੰਘ, ਸੰਤ ਸਿੰਘ, ਹਰਦਾਸ ਸਿੰਘ, ਹਿੰਮਤ

ਸਿੰਘ, ਕਰਮ ਸਿੰਘ, ਕ੍ਰਿਪਾਲ ਸਿੰਘ, ਖੜਗ ਸਿੰਘ, ਗੁਰਦਾਸ ਸਿੰਘ, ਗੁਰਦਿੱਤ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਚੜ੍ਹਤ ਸਿੰਘ, ਜਵਾਹਰ ਸਿੰਘ, ਜੈਮਲ ਸਿੰਘ, ਜ੍ਵਾਲਾ ਸਿੰਘ, ਝੰਡਾ ਸਿੰਘ, ਟੇਕ ਸਿੰਘ, ਠਾਕੁਰ ਸਿੰਘ, ਤ੍ਰਿਲੋਕ ਸਿੰਘ, ਦਯਾਲ ਸਿੰਘ, ਦਾਮੋਦਰ ਸਿੰਘ, ਨਰਾਯਣ ਸਿੰਘ, ਨਿਹਾਲ ਸਿੰਘ, ਪੰਜਾਬ ਸਿੰਘ, ਪ੍ਰੇਮ ਸਿੰਘ, ਬਸਾਵਾ ਸਿੰਘ, ਬਿਸਨ ਸਿੰਘ, ਭਗਵਾਨ ਸਿੰਘ, ਮਤਾਬ ਸਿੰਘ, ਮੁਹਕਮ ਸਿੰਘ, ਰਣਜੀਤ ਸਿੰਘ, ਰਤਨ ਸਿੰਘ।

ਨਿਹੰਗ ਸਿੰਘਾਂ ਬਾਰੇ ਕੁਝ ਖਾਸ ਜਾਣਕਾਰੀ

86. ਪ੍ਰਸ਼ਨ:- **ਨਿਹੰਗ ਸਿੰਘ ਸ਼ਬਦ ਦੀ ਪ੍ਰਭਾਸ਼ਾ ਦੱਸੋ ?**

ਉੱਤਰ:- ਹੰਗ=ਹੰਕਾਰ ਤੋਂ ਨਿ=ਰਹਿਤ ਸਿੰਘ ਨੂੰ ਨਿਹੰਗ ਸਿੰਘ ਕਹਿੰਦੇ ਹਨ ਅਤੇ ਫ਼ਾਰਸੀ ਵਿੱਚ ਨਿਹੰਗ ਸ਼ਬਦ ਦਾ ਅਰਥ ਮਗਰਮੱਛ ਵੀ ਹੁੰਦਾ ਹੈ। ਜਿਵੇਂ ਮਗਰਮੱਛ ਜਿਸ ਦੇ ਪਿੱਛੇ ਪੈ ਜਾਵੇ, ਉਸ ਨੂੰ ਜੀਂਦਾ ਨਹੀਂ ਛੱਡਦਾ। ਇਸੇ ਤਰ੍ਹਾਂ ਕਲਗੀਧਰ ਦਾ ਸਿੰਘ ਜਿਸ ਦੇ ਪਿੱਛੇ ਪੈ ਜਾਵੇ, ਉਸ ਦੁਸ਼ਮਨ ਦੀਆਂ ਧੱਜੀਆਂ ਉੱਡਾ ਦਿੰਦਾ ਹੈ। ਇਸ ਤਰ੍ਹਾਂ ਨਿਹੰਗ ਸਿੰਘ ਦਾ ਅਰਥ ਸੂਰਬੀਰ ਭੀ ਬਣਦਾ ਹੈ।

87. ਪ੍ਰਸ਼ਨ:- **ਨਿਹੰਗ ਸਿੰਘਾਂ ਦੀ ਸਥਾਪਨਾ ਕਿਸ ਨੇ ਕੀਤੀ ?**

ਉੱਤਰ:- ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਸ਼ਸ਼ਤਰਧਾਰੀ ਬਣਾਕੇ ਸਿੱਖ ਪੰਥ ਵਿੱਚ ਸੂਰਮਗਤੀ ਦੀ ਮਰਿਆਦਾ ਨੂੰ ਸ਼ੁਰੂ ਕੀਤਾ ਅਤੇ ਕਲਗੀਧਰ ਜੀ ਨੇ ਉਨ੍ਹਾਂ ਸ਼ਸ਼ਤਰਧਾਰੀ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ "ਨਿਹੰਗ ਸਿੰਘਾਂ" ਨਾਮ ਦਿੱਤਾ ਅਤੇ ਨਾਲ ਹੀ ਖ਼ਾਲਸਾ ਤਖ਼ੱਲਸ ਦੇ ਕੇ ਨਿਹਾਲ ਕੀਤਾ।

88. ਪ੍ਰਸ਼ਨ:- **ਤਰਨਾ-ਦਲ ਅਤੇ ਬੁੱਢਾ-ਦਲ ਦੀ ਸਥਾਪਨਾ ਕਦੋਂ ਹੋਈ ?**

ਉੱਤਰ:- ੧੭੩੪ ਈਂ ਵਿੱਚ ਜਦੋਂ ਪੰਥ ਵਿੱਚ ਬਹੁਤ ਵਾਧਾ ਹੋ ਗਿਆ। ਉਸ ਸਮੇਂ ਪੰਥ ਦੀ ਯੋਗ ਪ੍ਰਬੰਧ ਕਰਨ ਵਾਸਤੇ ਨਵਾਬ ਕਪੂਰ ਸਿੰਘ, ਬਾਬਾ ਦੀਪ ਸਿੰਘ ਆਦਿਕ ਸਿਆਣਿਆਂ ਸਿੰਘਾਂ ਨੇ ਗੁਰਮਤਾ ਕਰਕੇ ਪੰਥ ਨੂੰ ਦੋ ਹਿਸਿਆ ਵਿੱਚ ਵੰਡ ਦਿੱਤਾ। ਪਹਿਲੇ ਹਿੱਸੇ ਦਾ ਨਾਮ ਬੁੱਢਾ-ਦਲ ਅਤੇ ਦੂਸਰੇ ਹਿੱਸੇ ਦਾ ਨਾਮ ਤਰਨਾ-ਦਲ ਰੱਖਿਆ ਗਿਆ। ਬੁੱਢੇ ਦਲ ਵਿੱਚ ਸਿਆਣੇ ਬਜ਼ੁਰਗ, ਇਸਤਰੀਆਂ, ਬੱਚੇ ਰਹਿੰਦੇ ਸਨ ਅਤੇ ਸਿਆਣੇ ਬਜ਼ੁਰਗ ਬੱਚਿਆਂ ਨੂੰ ਗੁਰਮਤਿ ਦੀ ਸਿੱਖਿਆ ਤੇ ਜਵਾਨ ਨਿਹੰਗ ਸਿੰਘਾਂ ਨੂੰ ਨੇਕ ਸਲਾਹ ਦਿੰਦੇ ਸਨ। ਤਰਨੇ-ਦਲ ਦੇ ਪੰਜ ਜਥੇ ਬਣਾਏ ਗਏ। ਜਿੰਨ੍ਹਾਂ ਨੂੰ ਪੰਜ ਤਰਨੇ-ਦਲ ਵੀ ਕਹਿੰਦੇ ਸਨ। ਤਰਨੇ-ਦਲਾਂ ਦੀ ਕਮਾਂਡ ਬਾਬਾ ਦੀਪ ਸਿੰਘ ਜੀ ਸੰਭਾਲਦੇ

ਸਨ ਅਤੇ ਵਿਚਰ ਕਰਕੇ ਗਊ ਗ਼ਰੀਬ ਦੀ ਰੱਖਿਆ ਤੇ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਦੇ ਸਨ।

89. ਪ੍ਰਸ਼ਨ:- **ਬਾਰਾਂ ਮਿਸਲਾਂ ਦੀ ਸਥਾਪਨਾ ਕਦੋਂ ਹੋਈ ?**

ਉੱਤਰ:- ਜਕਰੀਆ ਖਾਂ ਵੱਲੋਂ ਨਿਹੰਗ ਸਿੰਘਾਂ ਤੇ ਜ਼ੁਲਮ ਕਰਨ ਸਮੇਂ ਨਿਹੰਗ ਸਿੰਘਾਂ ਉੱਪਰ ਬਹੁਤ ਮੁਸ਼ਕਲ ਦਾ ਸਮਾਂ ਆ ਗਿਆ ਅਤੇ ਨਿਹੰਗ ਸਿੰਘਾਂ ਨੂੰ ਜੰਗਲਾਂ, ਰੇਗਿਸਤਾਨ ਦੇ ਮਾਰੂਥਲਾਂ ਦਾ ਸਹਾਰਾ ਲੈਣਾ ਪਿਆ, ਉਸ ਸਮੇਂ ਨਿਹੰਗ ਸਿੰਘਾਂ ਨੇ ਮੁਗ਼ਲੀਆ ਹਕੂਮਤ ਨਾਲ ਛਾਪੇ-ਮਾਰੀ ਯੁੱਧ ਕਰਨ ਦੀ ਨੀਤੀ ਅਪਨਾਈ। ਇਸ ਨੀਤੀ ਦੇ ਤਹਿਤ ਨਿਹੰਗ ਸਿੰਘਾਂ ਦੇ ੬੫ ਵੱਖੋ-ਵੱਖਰੇ ਜਥੇ ਬਣ ਗਏ। ਜਿਸ ਸਮੇਂ ਇਹ ਜ਼ੁਲਮ ਦੀ ਹਨ੍ਹੇਰੀ ਕੁਝ ਸ਼ਾਂਤ ਹੋਈ ਤਾਂ ੨੯ ਮਾਰਚ ੧੭੪੮ ਈਃ ਨੂੰ ਸਮੁੱਚਾ ਖ਼ਾਲਸਾ ਪੰਥ ਸ੍ਰੀ ਅਕਾਲ ਤਖ਼ਤ ਸਾਹਿਬ ਵਿਸਾਖੀ ਮਨਾਉਣ ਵਾਸਤੇ ਇਕਤ੍ਰਤ ਹੋਇਆ ਅਤੇ ਉਸ ਸਮੇਂ ਹੀ ਪੰਥ ਨੇ ਗੁਰਮਤਾ ਕਰਕੇ ੬੫ ਜਥਿਆ ਤੋਂ ਬਾਰਾਂ ਜਥੇ ਬਣਾ ਦਿੱਤੇ। ਜਿੰਨ੍ਹਾਂ ਬਾਰਾਂ ਜਥਿਆਂ ਦਾ ਨਾਮ ਬਾਰਾਂ ਮਿਸਲਾਂ ਰੱਖਿਆ ਗਿਆ। ਇਹਨਾਂ ਬਾਰਾਂ ਮਿਸਲਾਂ ਵਿੱਚੋਂ ਇੱਕ ਸ਼ਹੀਦਾਂ ਦੀ ਮਿਸਲ ਬਣਾਈ ਗਈ। ਜਿਸ ਵਿੱਚ ਪੰਥ ਤੋਂ ਜਾਨਾਂ ਨਿਛਾਵਰ ਕਰਨ ਵਾਲੇ ਨਿਹੰਗ ਸਿੰਘਾਂ ਨੂੰ ਸ਼ਾਮਿਲ ਕੀਤਾ ਗਿਆ ਅਤੇ ਇਸ ਮਿਸਲ ਦੇ ਜਥੇਦਾਰ ਬਾਬਾ ਦੀਪ ਸਿੰਘ ਜੀ ਨੂੰ ਥਾਪਿਆ ਗਿਆ।

90. ਪ੍ਰਸ਼ਨ :- **ਦਲ ਪੰਥਾਂ ਨੂੰ ਚਲਦਾ ਵਹੀਰ ਚਕ੍ਰਵਰਤੀ ਕਿਉਂ ਕਿਹਾ ਜਾਂਦਾ ਹੈ ?**

ਉੱਤਰ :- ਕਲਗੀਧਰ ਜੀ ਨੇ ਸਰਬਲੋਹ ਪ੍ਰਕਾਸ਼ ਗ੍ਰੰਥ ਵਿਚ ਬਚਨ ਕੀਤੇ ਹਨ ਕਿ ਖਾਲਸੇ ਨੇ ਚਕ੍ਰਵਰਤੀ ਪਦਵੀ ਧੁਰ ਦਰਗਾਹ ਤੋਂ ਪਾਈ ਹੈ। ਇਸ ਲਈ ਦਲ ਪੰਥ ਗੁਰਸਿਖੀ ਦੇ ਪ੍ਰਚਾਰ ਵਾਸਤੇ ਦਿਨ-ਬ-ਦਿਨ ਨਗਰਾਂ, ਸ਼ਹਿਰਾਂ, ਗੁਰਧਾਮਾਂ ਤੇ ਵਿਚਰਦੇ ਰਹਿੰਦੇ ਹਨ ਇਸ ਲਈ ਇਨ੍ਹਾਂ ਨੂੰ ਚਲਦਾ ਵਹੀਰ ਚਕ੍ਰਵਰਤੀ ਕਹਿੰਦੇ ਹਨ।

91. ਪ੍ਰਸ਼ਨ :- **ਬਾਬਾ ਦੀਪ ਸਿੰਘ ਜੀ ਦੇ ਮਾਤਾ-ਪਿਤਾ ਦਾ ਨਾਮ ਦੱਸੋ ?**

ਉੱਤਰ :- ਬਾਬਾ ਦੀਪ ਸਿੰਘ ਜੀ ਦੇ ਪਿਤਾ ਦਾ ਨਾਮ ਭਾਈ ਭਗਤਾ ਅਤੇ ਮਾਤਾ ਦਾ ਨਾਮ ਮਾਤਾ ਜਿਉਣੀ ਸੀ। ਬਾਬਾ ਜੀ ਦਾ ਜਨਮ ੧੪ ਮਾਘ ਸੰਨ ੧੬੮੨ ਈਃ ਨਗਰ ਪਹੂਵਿੰਡ ਵਿਖੇ ਹੋਇਆ। ੧੭-੧੮ ਸਾਲ ਦੀ ਉਮਰ ਵਿੱਚ ਆਪ ਜੀ ਨੇ ਕਲਗੀਧਰ ਜੀ ਦੇ ਪਾਸੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ ਅਤੇ ਆਨੰਦਪੁਰ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਦੇ ਪਾਸੋਂ ਗੁਰਮੁਖੀ ਲਿਪੀ ਅਤੇ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ। ਆਨੰਦਪੁਰ ਛੱਡਣ ਸਮੇਂ ਕਲਗੀਧਰ ਜੀ ਦੀ ਆਗਿਆ ਅਨੁਸਾਰ ਆਪ ਜੀ ਆਪਣੇ ਨਗਰ ਪਹੂਵਿੰਡ ਵਿਖੇ ਆ ਗਏ

ਅਤੇ ਜਦ ਕਲਗੀਧਰ ਜੀ ਦਮਦਮੇ ਸਾਹਿਬ ਪਹੁੰਚੇ ਤਾਂ ਕਲਗੀਧਰ ਜੀ ਦੀ ਆਗਿਆ ਅਨੁਸਾਰ ਆਪ ਜੀ ਫਿਰ ਦਮਦਮਾ ਸਾਹਿਬ ਆ ਪਹੁੰਚੇ। ਦਮਦਮਾ ਸਾਹਿਬ ਪਹੁੰਚ ਕੇ ਆਪ ਜੀ ਲੰਗਰ ਵਿਚ ਸ਼ਹੀਦੀ-ਦੇਗਾਂ ਬਣਾਉਣ-ਵਰਤਾਉਣ ਦੀ ਸੇਵਾ ਕਰਦੇ ਰਹੇ ਅਤੇ ਜਦ ਕਲਗੀਧਰ ਜੀ ਨੇ ਧੀਰਮਲੀਆਂ ਦੇ ਆਦਿ ਗੁਰੂ ਗ੍ਰੰਥ ਦੇਣ ਤੋਂ ਇਨਕਾਰ ਕਰਨ ਤੇ ਸ੍ਰੀ ਦਮਦਮੇ ਸਾਹਿਬ ਕੰਠੋਂ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਉਣ ਦਾ ਫੁਰਨਾ ਕੀਤਾ ਤਾਂ ਜਿੱਥੇ ਉਸ ਸਮੇਂ ਭਾਈ ਮਨੀ ਸਿੰਘ ਜੀ ਲਿਖਾਰੀ ਲੱਗੇ। ਉੱਥੇ ਹੀ ਆਪ ਜੀ ਕਲਮ, ਦਵਾਤ ਸਿਹਾਰੀ ਅਤੇ ਕਾਗਜ਼ਾਂ ਦਾ ਪ੍ਰਬੰਧ ਕਰਦੇ ਰਹੇ। ਇਥੇ ਹੀ ਆਪ ਜੀ ਨੇ ਕਲਗੀਧਰ ਜੀ ਤੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਅਰਥ ਪੜ੍ਹੇ ਅਤੇ ਫਿਰ ਕਲਗੀਧਰ ਜੀ ਦੇ ਜੋਤੀ-ਜੋਤ ਸਮਾਉਣ ਦੇ ਬਾਅਦ ਆਪ ਜੀ ਨੇ ਗੁਰਬਾਣੀ ਦੇ ਸਰੂਪ ਲਿਖਣ ਅਤੇ ਜੰਗਾਂ-ਯੁੱਧਾ ਦੇ ਵਿੱਚ ਖ਼ਾਲਸੇ ਦੀ ਭਾਰੀ ਸੇਵਾ ਕੀਤੀ। ਆਪ ਜੀ ਦੇ ਨਾਮ ਤੋਂ ਮਿਸਲ ਸ਼ਹੀਦਾ ਤਰਨਾਦਲ ਸੰਪ੍ਰਦਾਇ ਚੱਲੀ। ਬਾਬਾ ਦੀਪ ਸਿੰਘ ਜੀ ਫਰਰੇ ਵਾਲੇ ਨਿਹੰਗ ਸਿੰਘ ਸਨ।

92. ਪ੍ਰਸ਼ਨ : ਮਿਸਲ-ਸ਼ਹੀਦਾਂ ਤਰਨਾ-ਦਲ ਜਥੇਦਾਰਾਂ ਦੇ ਨਾਮ ਦੱਸੋ ?

ਉੱਤਰ:- ਸਿੰਘ ਸਾਹਿਬ ਜਥੇਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਨੌਧ ਸਿੰਘ ਜੀ ਸ਼ਹੀਦ (ਮੀਤ ਜਥੇਦਾਰ)।
ਸਿੰਘ ਸਾਹਿਬ ਜਥੇਦਾਰ ਬਾਬਾ ਗੁਰਬਖ਼ਸ ਸਿੰਘ ਜੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਸੁਧਾ ਸਿੰਘ ਜੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਕਰਮ ਸਿੰਘ ਜੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਨੱਥਾ ਸਿੰਘ ਜੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਰਾਮ ਸਿੰਘ ਜੀ ਬੇਦੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਜੱਸਾ ਸਿੰਘ ਜੀ ਸ਼ਹੀਦ।
ਸਿੰਘ ਸਾਹਿਬ ਜਥੇਦਾਰ ਬਾਬਾ ਨੰਦ ਸਿੰਘ ਜੀ।
ਸਿੰਘ ਸਾਹਿਬ ਜਥੇਦਾਰ ਬਾਬਾ ਰਾਮ ਸਿੰਘ ਜੀ।
ਸਿੰਘ ਸਾਹਿਬ ਜਥੇਦਾਰ ਬਾਬਾ ਗੁਰਮੁਖ ਸਿੰਘ ਜੀ (ਬਾਬੇ ਬਕਾਲੇ ਵਾਲੇ)।
ਸਿੰਘ ਸਾਹਿਬ ਜਥੇਦਾਰ ਬਾਬਾ ਸਾਧੂ ਸਿੰਘ ਜੀ (ਬਾਬੇ ਬਕਾਲੇ ਵਾਲੇ)।
ਸਿੰਘ ਸਾਹਿਬ ਜਥੇਦਾਰ ਬਾਬਾ ਬਿਸ਼ਨ ਸਿੰਘ ਜੀ (ਬਾਬੇ ਬਕਾਲੇ ਵਾਲੇ)।
ਸਿੰਘ ਸਾਹਿਬ ਜਥੇਦਾਰ ਬਾਬਾ ਕੀਰਤਨ ਸਿੰਘ ਜੀ (ਬਾਬੇ ਬਕਾਲੇ ਵਾਲੇ)।
ਸਿੰਘ ਸਾਹਿਬ ਜਥੇਦਾਰ ਬਾਬਾ ਮੱਖਣ ਸਿੰਘ ਜੀ (ਬਾਬੇ ਬਕਾਲੇ ਵਾਲੇ)।
ਸਿੰਘ ਸਾਹਿਬ ਜਥੇਦਾਰ ਬਾਬਾ ਗੱਜਣ ਸਿੰਘ ਜੀ (ਬਾਬੇ ਬਕਾਲੇ ਵਾਲੇ)।

93. ਪ੍ਰਸ਼ਨ :- ਭਾਈ ਮਨੀ ਸਿੰਘ ਜੀ ਦਾ ਜਨਮ ਅਤੇ ਮਾਤਾ ਪਿਤਾ ਦਾ ਨਾਮ ਦੱਸੋ ?

ਉੱਤਰ :- ਭਾਈ ਮਨੀ ਸਿੰਘ ਜੀ ਦਾ ਜਨਮ ਰਾਜਪੂਤ ਘਰਾਣੇ ਅਤੇ ਭਾਈ ਮਾਈਦਾਸ ਦੇ ਘਰ ੧੦ ਮਾਰਚ ੧੬੪੪ ਈ: ਨੂੰ ਮਾਤਾ ਮਧਰੀ ਬਾਈ ਦੀ ਕੁੱਖੋਂ ਅਲੀਪੁਰ (ਮੁਲਤਾਨ) ਵਿਖੇ ਹੋਇਆ। ੧੩ ਸਾਲ ਦੀ ਉਮਰ ਵਿੱਚ ਆਪ ਜੀ ਨੇ ਆਪਣੇ ਪਿਤਾ ਜੀ ਨਾਲ ਕੀਰਤਪੁਰ ਸਾਹਿਬ ਵਿਖੇ ਪਹੁੰਚ ਕਰਕੇ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਕੀਤੇ। ੩੫ ਸਾਲ ਦੀ ਉਮਰ ਵਿੱਚ ਆਪ ਜੀ ਗੁਰੂ ਘਰ ਵਿੱਚ ਵੱਡੇ ਵਿਦਵਾਨ ਕਰਕੇ ਜਾਣੇ ਜਾਣ ਲੱਗ ਪਏ। ਭਾਈ ਮਨੀ ਸਿੰਘ ਜੀ ਦੀ ਜੀਵਨੀ ਦੇ ਇਤਿਹਾਸਿਕ ਪ੍ਰਮੁੱਖ ਗ੍ਰੰਥ ਵਿੱਚ ਕਵੀ ਸੇਵਾ ਸਿੰਘ ਨੇ ਲਿਖਿਆ ਹੈ ਕਿ ਆਪ ਜੀ ਫਰਰੇ ਵਾਲੇ ਨਿਹੰਗ ਸਿੰਘ ਸਨ। ਦਮਦਮੇ ਸਾਹਿਬ ਜਦ ਕਲਗੀਧਰ ਪਾਤਸ਼ਾਹ ਨੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਾਈ ਤਾਂ ਭਾਈ ਮਨੀ ਸਿੰਘ ਜੀ ਨੇ ਲਿਖਾਰੀ ਲਗ ਕੇ ਉਹ ਬੀੜ ਲਿਖੀ ਅਤੇ ਕਲਗੀਧਰ ਜੀ ਦੇ ਪਾਸੋਂ ਗੁਰਬਾਣੀ ਦੇ ਅਰਥ ਪੜ੍ਹੇ ਅਤੇ ਸਤਿਗੁਰਾਂ ਦੀ ਆਗਿਆ ਅਨੁਸਾਰ ਗੁਰਬਾਣੀ ਦੇ ਅਰਥ ਪੜਾਉਣ ਲੱਗ ਪਏ। ਆਪ ਜੀ ਤੋਂ ਅਨੇਕਾਂ ਅਰਥਾਂ ਦੀਆਂ ਸੰਪਰਦਾਵਾਂ ਚੱਲੀਆਂ।

94. ਪ੍ਰਸ਼ਨ :- ਭਾਈ ਨੰਦ ਲਾਲ ਜੀ ਕੌਣ ਸਨ ?

ਉੱਤਰ :- ਭਾਈ ਨੰਦ ਲਾਲ ਜੀ ਦਾ ਜਨਮ ੧੬੩੩ ਈ: ਵਿੱਚ ਪਿਤਾ ਛੱਜੂਮੱਲ ਦੇ ਘਰ ਗ਼ਜ਼ਨੀ (ਅਫਗਾਨਿਸਤਾਨ) ਵਿਖੇ ਹੋਇਆ। ਆਪ ਜੀ ੧੨ ਸਾਲ ਦੀ ਉਮਰ ਵਿੱਚ ਹੀ ਫ਼ਾਰਸੀ ਦੀ ਚੰਗੀ ਕਵਿਤਾ ਲਿਖਣ ਲੱਗ ਪਏ। ਆਗਰੇ ਵਿੱਚ ਬਹਾਦਰ ਸ਼ਾਹ ਦੀ ਨੌਕਰੀ ਕਰਦੇ ਸਮੇਂ ਜਦ ਔਰੰਗਜੇਬ ਨੇ ਆਪ ਜੀ ਨੂੰ ਧਰਮ ਬਦਲਣ ਤੇ ਮਜ਼ਬੂਰ ਕੀਤਾ ਤਾਂ ਆਪ ਜੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਆ ਗਏ। ਆਗਰੇ ਤੋਂ ਆਨੰਦਪੁਰ ਸਾਹਿਬ ਵਿਖੇ ਆਉਂਦੇ ਸਮੇਂ ਆਪ ਜੀ ਨੇ ਰਸਤੇ ਵਿੱਚ ਸੰਤਾਂ ਅਤੇ ਕਲਗੀਧਰ ਜੀ ਦੀ ਮਹਿਮਾ ਦਾ ਗ੍ਰੰਥ ਬੰਦਗੀਨਾਮਾ ਤਿਆਰ ਕੀਤਾ। ਕਲਗੀਧਰ ਜੀ ਭਾਈ ਨੰਦ ਲਾਲ ਦੀ ਇਸ ਰਚਨਾ ਨੂੰ ਵੇਖ ਕੇ ਬੜੇ ਖੁਸ਼ ਹੋਏ ਅਤੇ ਬੰਦਗੀਨਾਮੇ ਦਾ ਨਾਮ ਜ਼ਿੰਦਗੀਨਾਮਾ ਰੱਖ ਦਿੱਤਾ। ਕਲਗੀਧਰ ਜੀ ਨੇ ਬਚਨ ਕੀਤਾ ਕਿ ਨੰਦ ਲਾਲ ਜੀ ਜਿਹੜਾ ਤੁਹਾਡੇ ਇਸ ਗ੍ਰੰਥ ਨੂੰ ਪੜ੍ਹੇਗਾ ਉਹ ਆਪਣੀ ਜ਼ਿੰਦਗੀ ਸਫ਼ਲ ਕਰ ਲਵੇਗਾ ਅਤੇ ਨਾਲ ਹੀ ਹੁਕਮ ਕੀਤਾ ਕਿ ਆਪ ਜੀ ਆਪਣੀ ਫ਼ਾਰਸੀ ਦੀ ਇਹ ਅਮੋਲਕ ਰਚਨਾ ਸਿੰਘਾਂ ਨੂੰ ਪੜ੍ਹਾਇਆ ਕਰੋ ਤਾਂ ਕਲਗੀਧਰ ਜੀ ਦੀ ਆਗਿਆ ਪਾ ਕੇ ਆਪ ਜੀ ਦੇ ਪਾਸੋਂ ਭਾਈ ਮਨੀ ਸਿੰਘ ਜੀ ਸਭ ਤੋਂ ਪਹਿਲਾ ਜ਼ਿੰਦਗੀਨਾਮਾ ਪੜ੍ਹੇ। ਇਹ ਅਰਥ ਸੀਨੇ-ਬਸੀਨੇ ਵਿਰਲੇ ਵਿਰਲੇ ਮਹਾਂਪੁਰਖ ਪੰਥ ਵਿਚ ਪੜ੍ਹਾਂਉਦੇ ਰਹੇ। ਜ਼ਿੰਦਗੀਨਾਮੇ ਦੇ ਟੀਕਾਕਾਰ ਸੰਤ ਖ਼ਾਲਸਾ ਸਰੂਪ

ਸਿੰਘ ਜੀ ਗਿਆਨੀ ਲਿਖਦੇ ਹਨ ਕਿ ਭਾਈ ਨੰਦ ਲਾਲ ਜੀ ਦੀ ਰਚਨਾ ਦੇ ਅਰਥ ਪੜ੍ਹਾਉਣ ਦੀ ਇੱਕ ਅਰਥਾਂ ਸੰਪਰਦਾਇ ਭੀ ਚੱਲੀ। ਜੋ ਇਸ ਪ੍ਰਕਾਰ ਹੈ ਭਾਈ ਨੰਦ ਲਾਲ ਜੀ ਤੋਂ ਭਾਈ ਮਨੀ ਸਿੰਘ ਜੀ ਤੋਂ ਭਾਈ ਦੀਵਾਨ ਸਿੰਘ ਜੀ ਤੋਂ ਭਾਈ ਗੁਰਦਿਆਲ ਸਿੰਘ ਜੀ ਤੋਂ ਭਾਈ ਗਿਆਨੀ ਗੁਰਬਖ਼ਸ਼ ਸਿੰਘ ਜੀ ਤੋਂ ਭਾਈ ਅਮਰ ਸਿੰਘ ਜੀ ਤੋਂ ਭਾਈ ਰਾਮ ਸਿੰਘ ਜੀ ਤੋਂ ਭਾਈ ਹਜ਼ੂਰਾ ਸਿੰਘ ਜੀ ਤੋਂ ਗਿਆਨੀ ਬਖ਼ਸ਼ੀਸ਼ ਸਿੰਘ ਤੋਂ ਸੰਤ ਖਾਲਸਾ ਸਰੂਪ ਸਿੰਘ ਗਿਆਨੀ। ਏਨਾਂ ਤੋਂ ਬਾਅਦ ਸਮੇਂ ਦੇ ਲਿਹਾਜ ਨਾਲ ਗਿ. ਦਯਾ ਸਿੰਘ ਜੀ, ਗਿਆਨੀ ਕਰਤਾਰ ਸਿੰਘ ਜੀ ਮੋਟਾ ਅੱਖਰ ਭਾਈ ਨੰਦ ਲਾਲ ਜੀ ਦੀ ਬਾਣੀ ਦੇ ਅਰਥ ਪੜ੍ਹਾਉਂਦੇ ਰਹੇ। ਭਾਵੇਂ ਦਾਸ ਉਪਰੋਕਤ ਗੁਨੀ-ਜਨ ਮਹਾਂਪੁਰਖਾਂ ਦੇ ਚਰਨ-ਕਮਲਾ ਦੀ ਧੂੜ ਵੀ ਨਹੀਂ ਹੈ, ਪਰ ਫੇਰ ਵੀ ਅਜੋਕੇ ਸਮੇਂ 'ਚ ਗੁਰੂ ਪੰਥ ਦੇ ਹੁਕਮ ਅਨੁਸਾਰ ਜਿੱਥੇ ਦਾਸ (ਗੁਰਵਿੰਦਰ ਸਿੰਘ) ਗੁਰਬਾਣੀ, ਇਤਿਹਾਸਿਕ, ਵੈਦਾਂਤਿਕ ਅਤੇ ਪਿੰਗਲ ਆਦਿਕ ਵਿਸ਼ਿਆਂ ਦੇ ਗ੍ਰੰਥ ਪੜਾ ਰਿਹਾ ਹੈ ਉਥੇ ਹੀ ਦਾਸ ਭਾਈ ਨੰਦ ਲਾਲ ਜੀ ਦੀ ਖੁਸ਼ੀ ਪ੍ਰਾਪਤ ਕਰਨ ਵਾਸਤੇ ਆਪਣੀ ਤੁੱਛ ਬੁੱਧੀ ਅਤੇ ਉਪਰੋਕਤ ਮਹਾਂਪੁਰਖਾਂ ਦੇ ਸੰਪ੍ਰਦਾਇ ਸਿਧਾਂਤ ਨਾਲ ਭਾਈ ਨੰਦ ਲਾਲ ਜੀ ਦੀ ਬਾਣੀ ਦੇ ਅਰਥ ਵੀ ਪੜ੍ਹਾ ਰਿਹਾ ਹਾਂ। ਕਲਗੀਧਰ ਜੀ ਵੀ ਆਗਿਆ ਅਨੁਸਾਰ ਭਾਈ ਨੰਦ ਲਾਲ ਜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਲੰਗਰ ਬਣਾਵੁਣ-ਵਰਤਾਉਣ ਦੀ ਸੇਵਾ ਵੀ ਕਰਦੇ ਰਹੇ। ਅੱਜ ਕੱਲ੍ਹ ਉਹ ਲੰਗਰ ਸ਼ਹੀਦੀ-ਬਾਗ ਵਿੱਚ ਹੈ ਜਿਸ ਦਾ ਪ੍ਰਬੰਧ ਸੰਤ ਗੁਰਦੇਵ ਸਿੰਘ ਜੀ ਸੁਚੱਜੇ ਢੰਗ ਨਾਲ ਚਲਾ ਰਹੇ ਹਨ ਅਤੇ ਭਾਈ ਨੰਦ ਲਾਲ ਜੀ ਦੇ ਲੰਗਰ ਵਿੱਚ ਬਾਬਾ ਸਰਵਨ ਸਿੰਘ, ਭਾਈ ਹੀਰਾ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਸ਼ੇਰ ਸਿੰਘ ਅੱਲੋਵਾਲ, ਭਾਈ ਗੁਰਪ੍ਰੀਤ ਸਿੰਘ ਆਦਿਕ ਬਾਖ਼ੂਬੀ ਸੇਵਾ ਕਰ ਰਹੇ ਹਨ।

95. ਪ੍ਰਸ਼ਨ : ਨਿਹੰਗ ਸਿੰਘ ਸਰਬਲੋਹ ਦੇ ਬਰਤਨ ਕਿਉਂ ਵਰਤਦੇ ਹਨ ?

ਉੱਤਰ:- ਅੱਠਾਂ ਧਾਤਾਂ ਵਿੱਚੋਂ ਸਰਬਲੋਹ ਧਾਤ ਸਭ ਤੋਂ ਉੱਤਮ ਧਾਤ ਮੰਨੀ ਗਈ ਹੈ। ਵਿਗਿਆਨੀਆਂ ਮੁਤਾਬਿਕ ਮਨੁੱਖੀ ਸਰੀਰ ਵਿੱਚ ਅੱਠ ਧਾਤਾਂ ਹੁੰਦੀਆਂ ਹਨ, ਇਨ੍ਹਾਂ ਅੱਠਾਂ ਧਾਤਾਂ ਵਿੱਚੋਂ ਮਨੁੱਖੀ ਸਰੀਰ ਲੋਹੇ ਦੀ ਧਾਤ ਨੂੰ ਰੋਜ਼ਾਨਾ ਸਭ ਤੋਂ ਜ਼ਿਆਦਾ ਖਚਿਤ ਕਰਦਾ ਹੈ। ਇਹੀ ਕਾਰਨ ਹੈ ਕਿ, ਲੋਹੇ ਦੀ ਘਾਟ ਨੂੰ ਪੂਰਾ ਰੱਖਣ ਵਾਸਤੇ ਨਿਹੰਗ ਸਿੰਘ ਆਦੀ-ਕਾਲ ਤੋਂ ਸਰਬਲੋਹ ਦੇ ਬਰਤਨ ਵਰਤਦੇ ਹਨ।

96. ਪ੍ਰਸ਼ਨ : ਨਿਹੰਗ ਸਿੰਘ ਘੋੜਿਆਂ ਨਾਲ ਪਿਆਰ ਕਿਉਂ ਰੱਖਦੇ ਹਨ ?

ਉੱਤਰ:- ਘੋੜਾ ਇੱਕ ਬਹੁਤ ਸਿਆਣਾ ਅਤੇ ਵਫ਼ਾਦਾਰ ਜਾਨਵਰ ਹੈ ਤਾਂ ਹੀ ਛੇਵੇਂ

ਪਾਤਸ਼ਾਹ ਅਤੇ ਕਲਗੀਧਰ ਪਿਤਾ ਜੀ ਨੇ ਘੋੜੇ ਨੂੰ ਜਾਨ-ਭਾਈ ਦਾ ਖ਼ਿਤਾਬ ਬਖ਼ਸ਼ ਕੇ ਨਿਹਾਲ ਕੀਤਾ ਸੀ। ਅਸ੍ਵ-ਨਾਮੇ ਗ੍ਰੰਥ ਵਿੱਚ ਲਿਖਿਆ ਮਿਲਦਾ ਹੈ ਕਿ ਘੋੜੇ ਦੀ ਜੂਨ ਮਨੁੱਖੀ-ਜੂਨ ਦੇ ਬਹੁਤ ਨਜ਼ਦੀਕ ਹੁੰਦੀ ਹੈ ਅਤੇ ਘੋੜਾ ਇੱਕ ਐਸਾ ਜਾਨਵਰ ਹੈ, ਜਿਸ ਨੂੰ ਆਪਣੇ ਮਾਲਿਕ ਦੀ ਮੌਤ ਦਾ ਕੁਝ ਦਿਨ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ, ਘੋੜਾ ਜਿਸ ਘਰ ਵਿੱਚ ਫੁੰਕਾਰਾ ਮਾਰੇ ਉਸ ਘਰ ਦੇ ਨਜ਼ਦੀਕ ਕੋਈ ਵੀ ਬਦ-ਰੂਹ ਨਹੀਂ ਆਉਂਦੀ। ਪੁਰਾਤਨ ਨਿਹੰਗ-ਸਿੰਘਾਂ ਦਾ ਇਹ ਵੀ ਯਕੀਨ ਹੈ ਕਿ ਜਿਸ ਘਰ ਵਿੱਚ ਘੋੜਾ ਹੋਵੇ, ਉਸ ਘਰ ਵਿੱਚ ਕਲਗੀਧਰ ਜੀ ਰੋਜ਼ ਆ ਕੇ ਚਰਨ ਪਾਉਂਦੇ ਹਨ। ਜੰਗ ਦੇ ਮੈਦਾਨ ਵਿੱਚ ਘੋੜਾ ਜਾਨ-ਭਾਈ ਬਣ ਕੇ ਆਪਣੇ ਮਾਲਿਕ ਦੀ ਰੱਖਿਆ ਕਰਦਾ ਹੈ। ਇਸ ਲਈ ਨਿਹੰਗ ਸਿੰਘ ਘੋੜਿਆਂ ਨਾਲ ਬਹੁਤ ਪਿਆਰ ਕਰਦੇ ਹਨ ਅਤੇ ਹਿੰਦੂ ਜਿਵੇਂ ਗਊ ਨੂੰ ਕੌਮੀ-ਜਾਨਵਰ ਮੰਨਦੇ ਹਨ, ਇਸੇ ਤਰ੍ਹਾਂ ਨਿਹੰਗ ਸਿੰਘ ਵੀ ਘੋੜੇ ਨੂੰ ਕੌਮੀ-ਜਾਨਵਰ ਦੀ ਮਾਨਤਾ ਦਿੰਦੇ ਹਨ।

97. ਪ੍ਰਸ਼ਨ : ਨਿਹੰਗ ਸਿੰਘ ਦੁਮਾਲੇ ਕਿਉਂ ਸਜਾਉਂਦੇ ਹਨ ?

ਉੱਤਰ:- ਹਿੰਦੂ, ਮੁਸਲਮਾਨ ਆਦਿਕ ਧਰਮਾਂ ਵਿੱਚ ਪੱਗ ਨੂੰ ਸਿਰ ਦਾ ਤਾਜ ਮੰਨਿਆ ਜਾਂਦਾ ਹੈ ਅਤੇ ਪੁਰਾਤਨ ਸਾਰੇ ਰਾਜੇ-ਮਹਾਰਾਜੇ ਜਦ ਤਖ਼ਤ ਦੇ ਉੱਪਰ ਬੈਠਦੇ ਸਨ ਤਾਂ ਉਹ ਆਪਣੇ ਸਿਰ ਦੇ ਉੱਪਰ ਸੋਹਣੀ ਸ਼ਾਹੀ-ਦਸਤਾਰ ਅਥਵਾ ਮੁਕਟ ਸਜਾਉਂਦੇ ਸਨ। ਔਰੰਗਜ਼ੇਬ ਨੇ ਆਪਣੇ ਰਾਜ-ਕਾਲ ਦੇ ਵਿੱਚ ਇੱਕ ਫ਼ਤਵਾ ਜਾਰੀ ਕੀਤਾ ਸੀ ਕਿ, ਮੇਰੇ ਰਾਜ ਵਿੱਚ ਕੋਈ ਵੀ ਆਪਣੇ ਸਿਰ ਦੇ ਉੱਪਰ ਸ਼ਾਹੀ-ਦਸਤਾਰ ਅਥਵਾ ਸ਼ਾਹੀ-ਮੁਕਟ ਨਹੀਂ ਪਹਿਨੇਗਾ। ਸ਼ਾਹੀ-ਦਸਤਾਰ ਅਤੇ ਸ਼ਾਹੀ-ਮੁਕਟ ਇੱਕ ਅਜ਼ਾਦ-ਰਾਜ ਦੀ ਨਿਸ਼ਾਨੀ ਮੰਨੀ ਜਾਂਦੀ ਸੀ। ਕਲਗੀਧਰ ਪਾਤਸ਼ਾਹ ਨੇ ਹਿੰਦੋਸਤਾਨ ਦੇ ਲੋਕਾਂ ਦੇ ਗਲੋਂ ਗ਼ੁਲਾਮੀ ਦੀ ਜ਼ੰਜੀਰ ਲਾਉਣ ਵਾਸਤੇ ਆਪਣੇ ਖ਼ਾਲਸੇ ਨੂੰ ਸ਼ਾਹੀ-ਦਸਤਾਰ ਬਖ਼ਸ਼ਿਸ਼ ਕੀਤੀ, ਜਿਸ ਨੂੰ ਖ਼ਾਲਸਾਈ ਬੋਲ-ਬਾਲਿਆਂ ਵਿੱਚ ਦੁਮਾਲਾ ਕਹਿੰਦੇ ਹਨ। ਦੁਮਾਲਾ ਸ਼ਾਹੀ-ਦਸਤਾਰ ਦੀ ਇੱਕ ਐਸੀ ਬਣਤਰ ਹੈ, ਜਿਸ ਨੂੰ ਸਿਰ ਦੇ ਉੱਪਰ ਬਹੁਤ ਕੱਸ ਕੇ ਬੰਨਿਆਂ ਜਾਂਦਾ ਹੈ ਅਤੇ ਜੰਗ ਦੇ ਮੈਦਾਨ ਵਿੱਚ ਦੁਮਾਲਾ ਅਕਸਰ ਨਿਹੰਗ ਸਿੰਘਾਂ ਦੀ ਸੋਟੇ, ਤਲਵਾਰ ਆਦਿਕ ਤੋਂ ਰੱਖਿਆ ਕਰਦਾ ਹੈ। ਦੁਮਾਲੇ ਦੇ ਬਾਰੇ ਇਤਿਹਾਸਿਕ ਗ੍ਰੰਥਾਂ ਵਿੱਚ ਇਥੋਂ ਤੱਕ ਲਿਖਿਆ ਹੈ ਕਿ ਜਿਹੜਾ ਨਿਹੰਗ ਸਿੰਘ ਉੱਚਾ ਦੁਮਾਲਾ ਸਜਾਉਂਦਾ ਹੈ, ਓਹੀ ਅਸਲੀ ਨਿਹੰਗ ਸਿੰਘ ਹੈ।

ਯਥਾ: ਉੱਚਾ ਦੁਮਾਲਾ ਜੋ ਸਜੇ ਸੋਈ ਨਿਹੰਗ ਸੁਜਾਨ ॥

98. ਪ੍ਰਸ਼ਨ: ਕਈ ਨਿਹੰਗ ਸਿੰਘ ਦੁਮਾਲੇ ਦੇ ਉੱਪਰ ਫਰਰਾ ਕਿਉਂ ਸਜਾਉਂਦੇ ਹਨ?

ਉੱਤਰ:- ਫਰਰੇ ਦਾ ਅਰਥ ਨਿਸ਼ਾਨ ਸਾਹਿਬ ਹੁੰਦਾ ਹੈ। ਜਿਸ ਨਿਹੰਗ ਸਿੰਘ ਦੇ ਸੀਸ ਉੱਪਰ

ਫਰਰਾ ਹੋਵੇ, ਉਸ ਨੂੰ ਨਿਹੰਗ ਸਿੰਘ "ਮਹਾਂਕਾਲ" ਕਹਿੰਦੇ ਹਨ। ਫਰਰੇ ਦੇ ਇਤਿਹਾਸ ਬਾਰੇ ਇਤਿਹਾਸਕਾਰਾਂ ਦੀ ਰਾਏ ਹੈ ਕਿ ਇਕ ਵਾਰ ਕਲਗੀਧਰ ਜੀ ਨੇ ਸਾਹਿਬਜ਼ਾਦੇ ਬਾਬੇ ਫ਼ਤਹਿ ਸਿੰਘ ਜੀ ਨੂੰ ਆਗਿਆ ਕੀਤੀ ਕਿ ਆਪ ਜੀ ਅਕਾਲ ਪੁਰਖ ਦਾ ਬਾਣਾ ਧਾਰਨ ਕਰਕੇ ਸਭਾ ਵਿੱਚ ਆਉ ! ਜਿਸ ਬਾਣੇ ਨੂੰ ਦੇਖ ਕੇ, ਦੇਖਣ ਵਾਲੇ ਹੈਰਾਨ ਹੋ ਜਾਣ। ਕਲਗੀਧਰ ਜੀ ਦੀ ਆਗਿਆ ਅਨੁਸਾਰ ਬਾਬਾ ਫ਼ਤਹਿ ਸਿੰਘ ਕੇਸਗੜ੍ਹ ਦੇ ਪਾਸ ਦੁਮਾਲਗੜ੍ਹ ਵਾਲੇ ਅਸਥਾਨ ਤੇ ਜਾ ਕੇ ਨੀਲਾ ਬਾਣਾ ਅਤੇ ਸਿਰ ਦੇ ਉੱਪਰ ਵੱਡਾ ਦੁਮਾਲਾ ਤੇ ਫਰਰਾ ਸਜਾ ਕੇ ਕਲਗੀਧਰ ਜੀ ਦੇ ਪਾਸ ਕੇਸਗੜ੍ਹ ਸਾਹਿਬ ਹਾਜ਼ਿਰ ਹੋਏ। ਬਾਬਾ ਫ਼ਤਹਿ ਸਿੰਘ ਜੀ ਨੂੰ ਵੇਖ ਕੇ ਸਾਰੇ ਦੰਗ ਰਹਿ ਗਏ ਅਤੇ ਕਲਗੀਧਰ ਜੀ ਨੇ ਬਾਬਾ ਫ਼ਤਹਿ ਸਿੰਘ ਜੀ ਨੂੰ ਇਹ ਵਰਦਾਨ ਦਿੱਤਾ ਕਿ ਆਪ ਜੀ ਦੇ ਨਾਮ ਤੋਂ ਫਰਰੇ ਧਾਰੀ ਨਿਹੰਗ ਸਿੰਘ ਪੰਥ ਚੱਲੇਗਾ। ਕਲਗੀਧਰ ਜੀ ਦੇ ੫੨ ਕਵੀਆਂ ਚੋਂ ਕਵੀ ਟਹਿਕਣ ਜੀ ਫਰਰੇ ਦੇ ਬਾਰੇ ਇਹ ਲਿਖਦੇ ਹਨ ਕਿ ਇੱਕ ਵਾਰ ੧੭੬੦ ਸੰਮਤ ਮੱਘਰ ਵਦੀ ਪੰਚਮੀ ਅਗੰਮਗੜ੍ਹ ਵਾਲੀ ਪਹਾੜੀ (ਜਿੱਥੇ ਮਾਤਾ ਜੀਤੋ ਜੀ ਦਾ ਸਸਕਾਰ ਹੋਇਆ, ਜਿਸ ਨੂੰ ਅੱਜ ਕੱਲ੍ਹ ਹੋਲਗੜ੍ਹ ਵੀ ਕਹਿੰਦੇ ਹਨ) ਖ਼ਾਲਸੇ ਅਤੇ ਤੁਰਕਾਂ ਦੇ ਵਿੱਚਕਾਰ ਜੰਗ ਹੋ ਰਿਹਾ ਸੀ ਉਸ ਜੰਗ ਵਿੱਚ ਭਾਈ ਮਾਨ ਸਿੰਘ ਜੀ ਨਿਸ਼ਾਨ ਸਾਹਿਬ ਫੜ ਕੇ ਖ਼ਾਲਸੇ ਦੀ ਰਹਿਨੁਮਾਈ ਕਰ ਰਹੇ ਸਨ। ਜੰਗ ਕਰਦਿਆਂ-ਕਰਦਿਆਂ ਭਾਈ ਮਾਨ ਸਿੰਘ ਜੀ ਦੇ ਦੁਸ਼ਮਣ ਦਾ ਵਾਰ ਲੱਗਣ ਕਾਰਨ ਨਿਸ਼ਾਨ ਸਾਹਿਬ ਜੰਗ ਦੇ ਮੈਦਾਨ ਵਿੱਚ ਡਿੱਗ ਪਿਆ ਤਾਂ ਇੱਕ ਸਿੰਘ ਨੇ ਕਲਗੀਧਰ ਜੀ ਨੂੰ ਜਾ ਕੇ ਦੱਸਿਆ ਕਿ ਗੁਰੂ ਜੀ ! ਜੰਗ ਦੇ ਮੈਦਾਨ ਵਿੱਚ ਤਾਂ ਖ਼ਾਲਸੇ ਦੀ ਫਤਹਿ ਹੋਈ ਹੈ, ਪਰ ਭਾਈ ਮਾਨ ਸਿੰਘ ਜੀ ਦੇ ਪਾਸੋਂ ਦੁਸ਼ਮਣ ਦਾ ਵਾਰ ਲੱਗਣ ਕਾਰਨ ਨਿਸ਼ਾਨ ਸਾਹਿਬ ਸਲਾਮੀ ਹੋ ਗਿਆ ਅਤੇ ਇਸ ਤਰ੍ਹਾਂ ਨਿਸ਼ਾਨ ਸਾਹਿਬ ਦੀ ਭਾਰੀ ਬੇਅਦਬੀ ਹੋਈ ਹੈ ਤਾਂ ਕਲਗੀਧਰ ਜੀ ਨੇ ਉਸ ਵਕਤ ਫ਼ੁਰਮਾਇਆ ਕਿ ਅੱਜ ਮੈਂ ਖ਼ਾਲਸੇ ਨੂੰ ਐਸਾ ਨਿਸ਼ਾਨ ਸਾਹਿਬ ਬਖ਼ਸ਼ਾਂਗਾ। ਜਿਹੜਾ ਨਿਸ਼ਾਨ ਸਾਹਿਬ, ਜਿਨ੍ਹਾਂ ਚਿਰ ਨਿਸ਼ਾਨਚੀ ਸਿੰਘ ਦੇ ਸਰੀਰ ਵਿੱਚ ਜਾਨ ਪ੍ਰਾਣ ਹਨ ਉਹਨਾਂ ਚਿਰ ਕਦੇ ਵੀ ਟੁੱਟੇਗਾ ਅਥਵਾ ਡਿੱਗੇਗਾ ਨਹੀਂ।

ਯਥਾ :- ਸ੍ਰੀ ਕਲਗੀਧਰ ਸੁਨਤ ਬਖਾਨੀ ਨੀਕੀ ਬਾਤ ਬਤਾਈ ॥
ਅਬ ਨਿਸ਼ਾਨ ਬਨਾਵੋਂ ਐਸਾ ਜੋ ਕਬ ਟੂਟੇ ਨਾਹੀ ॥

ਪੁਰਾਤਨ ਸਮੇਂ ਵਿੱਚ ਜਿਹੜਾ ਨਿਹੰਗ ਸਿੰਘ ਦਲ ਪੰਥ ਵਿੱਚ ਬਾਰਾਂ ਸਾਲ ਅਣਥੱਕ ਸੇਵਾ ਕਰਦਾ ਸੀ ਤਾਂ ਖ਼ਾਲਸਾ ਉਸ ਨੂੰ ਖ਼ੁਸ਼ ਹੋ ਕੇ ਫਰਰੇ ਦੀ ਦਾਤ ਬਖ਼ਸ਼ਿਸ਼ ਕਰਦਾ ਸੀ। ਜਿਸ ਨਿਹੰਗ ਸਿੰਘ ਦੇ ਸਿਰ ਉੱਪਰ ਫਰਰਾ ਹੁੰਦਾ ਸੀ, ਉਹ ਕਦੀ ਵੀ ਲੰਮੇ ਪੈ ਕੇ ਅਰਾਮ ਨਹੀਂ ਕਰਦਾ ਸੀ। ਰਾਤ ਦੇ ਸਮੇਂ

ਫਰਰੇ ਵਾਲਾ ਨਿਹੰਗ ਸਿੰਘ ਰੁੱਖ, ਕੰਧ ਜਾਂ ਉੱਚੇ ਸਰਾਣੇ ਦਾ ਆਸਰਾ ਲੈ ਕੇ ਹੀ ਅਰਾਮ ਕਰਦੇ ਸਨ। ਇਸ ਦਾ ਕਾਰਨ ਇਹ ਸੀ ਕਿ ਖ਼ਾਲਸੇ ਦੇ ਨਿਸ਼ਾਨ ਸਾਹਿਬ ਸਦਾ ਹੀ ਝੂਲਦੇ ਹਨ ਜਿਸ ਦਾ ਨਿਸ਼ਾਨ ਸਲਾਮੀ ਹੋ ਜਾਂਦਾ ਹੈ ਉਸਦਾ ਰਾਜ ਖਤਮ ਹੋ ਜਾਂਦਾ ਹੈ। ਨਿਹੰਗ ਸਿੰਘ ਜਥੇਬੰਦੀਆਂ ਦੇ ਜਥੇਦਾਰ ਸਿੰਘ ਸਾਹਿਬਾਨ ਸਿਰ ਦੇ ਉੱਪਰ ਅਕਸਰ ਫਰਰਾ ਸਜਾਉਂਦੇ ਹਨ।

99. **ਪ੍ਰਸ਼ਨ: ਨਿਹੰਗ ਸਿੰਘ ਕਮਰਕੱਸਾ ਕਿਉਂ ਲਗਾਉਂਦੇ ਹਨ ?**

ਉੱਤਰ:- ਕਮਰਕੱਸੇ ਲਗਾਉਣ ਨਾਲ ਜੰਗ ਦੇ ਮੈਦਾਨ ਵਿੱਚ ਲੱਕ ਤਿਆਰ-ਬਰ-ਤਿਆਰ ਰਹਿੰਦਾ ਹੈ ਅਤੇ ਕਮਰਕੱਸੇ ਦੇ ਨਾਲ ਹੀ ਧਨੁਖ, ਤੀਰਾਂ ਵਾਲਾ ਭੱਥਾ, ਕਟਾਰ, ਸਫਾ-ਜੰਗ ਆਦਿਕ ਸ਼ਸਤ੍ਰ ਸਜਾਏ ਜਾਂਦੇ ਹਨ। ਪੁਰਾਤਨ ਸੂਰਬੀਰ, ਰਾਜੇ-ਮਹਾਰਾਜੇ ਕਮਰਕੱਸੇ ਨੂੰ ਹਮੇਸ਼ਾ ਸਜਾ ਕੇ ਰੱਖਦੇ ਹਨ। ਇਸ ਲਈ ਸੂਰਬੀਰ ਹੋਣ ਦੇ ਨਾਮ ਤੇ ਨਿਹੰਗ ਸਿੰਘ ਸਦਾ ਹੀ ਕਮਰਕੱਸਾ ਸਜਾ ਕੇ ਰੱਖਦੇ ਹਨ। ਕਲਗੀਧਰ ਪਾਤਸ਼ਾਹ ਜੀ ਨੇ ਕਮਰਕੱਸੇ ਦੇ ਬਾਰੇ ਆਪਣੇ ਖ਼ਾਲਸੇ ਨੂੰ ਇਹ ਵੀ ਕਿਹਾ ਹੈ ਕਿ ਜਿਹੜਾ ਸਿੰਘ ਸਾਡੇ ਦਰਸ਼ਨ ਕਮਰਕੱਸਾ ਸਜਾ ਕੇ ਕਰੇਗਾ, ਉਸ ਉੱਪਰ ਸਾਡੀ ਬਹੁਤ ਖ਼ੁਸ਼ੀ ਹੋਵੇਗੀ।

ਯਥਾ: ਕਮਰਕੱਸਾ ਕਰ ਦੇਹੁ ਦਿਖਾਈ॥ ਹਮਰੀ ਖੁਸੀ ਹੋਏ ਅਧਿਕਾਈ॥

100. **ਪ੍ਰਸ਼ਨ:- ਨਿਹੰਗ ਸਿੰਘ ਨੀਲਾ ਬਾਣਾ ਕਿਉਂ ਧਾਰਨ ਕਰਦੇ ਹਨ ?**

ਉੱਤਰ :- ਨੀਲਾ ਰੰਗ ਅਮਨ ਅਤੇ ਸ਼ਾਂਤੀ ਦਾ ਸੂਚਕ ਹੈ। ਅਮਨ ਅਤੇ ਸ਼ਾਂਤੀ ਦੇ ਪੁਜਾਰੀ ਹਮੇਸ਼ਾ ਹੀ ਨੀਲਾ ਬਾਣਾ ਪਹਿਨਦੇ ਹਨ। ਕਲਗੀਧਰ ਪਾਤਸ਼ਾਹ ਅਮਨ ਅਤੇ ਸ਼ਾਂਤੀ ਦੇ ਮੁਦਈ ਸਨ। ਇਸ ਲਈ ਉਹਨਾਂ ਨੇ ਆਪਣੇ ਖ਼ਾਲਸੇ ਨੂੰ ਨੀਲਾ ਬਾਣਾ ਬਖ਼ਸ਼ਿਸ਼ ਕੀਤਾ। ਨੀਲਾ ਰੰਗ ਬੇਅੰਤ ਮਾਲਿਕ (ਵਾਹਿਗੁਰੂ) ਦਾ ਪ੍ਰਤੀਕ ਹੈ। ਜਿੱਥੇ ਸਾਡੀਆਂ ਅੱਖਾਂ ਦੇ ਦੇਖਣ ਦੀ ਸੀਮਾ ਖ਼ਤਮ ਹੋ ਜਾਂਦੀ ਹੈ, ਉੱਥੇ ਨੀਲਾ ਰੰਗ ਦਿਖਾਈ ਦੇਣ ਲੱਗ ਪੈਂਦਾ ਹੈ। ਇੰਝ ਇਹ ਨੀਲਾ ਰੰਗ ਖ਼ੁਦਾਈ ਰੰਗ ਹੈ। ਕਲਗੀਧਰ ਜੀ ਨੇ ਖ਼ਾਲਸੇ ਨੂੰ ਖ਼ੁਦਾ ਦਾ ਰੁਤਬਾ ਪ੍ਰਦਾਨ ਕਰਕੇ ਨੀਲਾ ਬਾਣਾ ਬਖ਼ਸ਼ਿਸ਼ ਕੀਤਾ ਤਾਂ ਹੀ ਨਿਹੰਗ ਸਿੰਘ ਨੀਲਾ ਬਾਣਾ ਪਹਿਨਦੇ ਹਨ।

101. **ਪ੍ਰਸ਼ਨ :- ਨਿਹੰਗ ਸਿੰਘ ਦੇ ਚਾਰ ਰੰਗ ਕਿਹੜੇ ਹਨ ?**

ਉੱਤਰ:- ਨੀਲਾ, ਕਾਲਾ, ਚਿੱਟਾ ਅਤੇ ਕੇਸਰੀ। ਖ਼ਾਲਸੇ ਦਾ ਉਂਝ ਕੌਮੀ ਨੀਲਾ ਹੀ ਹੈ, ਪਰੰਤੂ ਕਈ ਨਿਹੰਗ ਸਿੰਘ ਕਾਲਾ, ਚਿੱਟਾ, ਕੇਸਰੀ ਰੰਗ ਵੀ ਪਹਿਣ ਲੈਂਦੇ ਹਨ। ਖ਼ਾਲਸਾ ਪੰਥ ਵਿਚ ਲਾਲ ਅਤੇ ਹਰਾ ਰੰਗ ਪਹਿਨਣ ਦੀ ਖ਼ਾਸ ਮਨਾਹੀ ਹੈ।

ਪੁਰਾਤਨ ਨਿਹੰਗ ਸਿੰਘਾਂ ਦੇ ਬੋਲੇ

ੳ

ਉਜਾਗਰ-ਦੀਵਾ
ਉਡਣਖਟੋਲਾ-ਗੱਡਾ, ਸਾਇਕਲ, ਹਵਾਈ ਜਹਾਜ਼

ਅ

ਅਸਵਾਰਾ ਕਰਨਾ-ਚੜ੍ਹਾਈ ਕਰਨਾ, ਸੁਰਗਬਾਸ ਹੋਣਾ
ਅਕਾਸ਼ਪਰੀ- ਬੱਕਰੀ
ਅਕਾਸ਼ੀ ਦੇਵ-ਸੂਰਜ, ਚੰਦ
ਅਕਲਦਾਨ-ਸੋਟਾ, ਡੰਡਾ
ਅਕਾਸ਼ੀ ਫ਼ੌਜ-ਸ਼ਹੀਦੀ ਸੈਨਾ, ਗ਼ੈਬੀ ਦਲ
ਅਕਾਲ ਬਾਂਗਾ-ਜੈਕਾਰਾ
ਅਕਾਲ ਬੁੰਗਾ-ਅਕਾਲ ਤਖ਼ਤ ਦਾ ਪਹਿਲਾ ਨਾਮ
ਅਕਾਲੀ-ਕਾਲ ਦੇ ਭੈ ਤੋਂ ਰਹਿਤ ਸਿੱਖ,
ਨੀਲੰਬਰਧਾਰੀ-ਨਿਹੰਗ ਸਿੰਘ
ਅਥੱਕ ਸਵਾਰੀ-ਜੁੱਤੀ
ਅਦਾਲਤੀਆ-ਛੱਜ
ਅਨਹਤ ਸ਼ਬਦ- ਘੁਰਾੜਾ
ਅਨਮਤੀਆ-ਸਿੱਖ ਧਰਮ ਨੂੰ ਨਾ ਮੰਨਣ ਵਾਲਾ।
ਅਫਲਾਤੂਨੀ-ਰਜਾਈ
ਅਰਾਕਾ-ਘੋੜਾ
ਅਰਾਕਣ-ਘੋੜੀ
ਅੜਿੰਗ ਬੜਿੰਗ-ਸੌਣ ਦਾ ਭਾਵ
ਆਕੜਭੰਨ-ਬੁਖਾਰ
ਆਕੀ ਹੋਣਾ-ਬੰਦੀਖ਼ਾਨੇ ਪੈਣਾ, ਜੇਲ੍ਹ ਜਾਣਾ
ਆੜਬੰਦ-ਲੰਗੋਟਾ
ਅਨੰਦ ਕਾਰਜ-ਵਿਆਹ, ਸ਼ਾਦੀ
ਐਰਾਪਤਿ-ਝੋਟਾ
ਅੰਗੀਠਾ-ਚਿਖਾ
ਅੰਜਨੀ-ਰਾਤ
ਅੰਮ੍ਰਿਤ ਵੇਲਾ-ਤੜਕਸਾਰ
ਅੰਮ੍ਰਿਤੀ-ਕੜ੍ਹੀ

ੲ

ਇੰਦਰ-ਬੱਦਲ, ਮੀਂਹ
ਇੰਦਰਾਣੀ-ਪੌਣ
ਇਲਾਚੀ- ਫਲਾਹੀ

ਸ

ਸ਼ਹੀਦ-ਧਰਮ ਖਾਤਰ ਮਰ ਮਿਟਣ ਵਾਲਾ
ਸ਼ਹੀਦ ਗੰਜ- ਜਿੱਥੇ ਸਿੰਘ ਸ਼ਹੀਦ ਹੋਏ ਹੋਣ
ਸ਼ਹੀਦੀ ਦੇਗ- ਸ਼ਰਦਾਈ
ਸ਼ਹੀਦੀ ਫ਼ੌਜ- ਸਿੰਘਾਂ ਦੀ ਗੁਪਤ ਸੈਨਾ
ਸੱਚਖੰਡ-ਸੁਰਗਧਾਮ, ਪਰਲੋਕ
ਸੱਚਾ ਪਾਤਸ਼ਾਹ-ਅਕਾਲ ਪੁਰਖ, ਸਤਿਗੁਰੂ
ਸਜਣਾ-ਸੋਹਣੀ ਤਰ੍ਹਾਂ ਬੈਠਣਾ,
ਤਿਆਰ-ਬਰ-ਤਿਆਰ ਹੋਣਾ
ਸਦਾ ਗੁਲਾਬ-ਕਿੱਕਰ
ਸਫਾਜੰਗ-ਕੁਹਾੜੀ, ਟਕੂਆ
ਸਬਜ਼ ਪਲਾਉ-ਸਾਗ
ਸਬਜ਼ ਤੰਬੂ-ਛਾਇਆਦਰ ਬਿਰਛ
ਸਮੁੰਦਰ-ਦੁੱਧ
ਸਰਦੌਨਾ-ਠੰਢਾ, ਕਾਂਬਾ
ਸਰਬ ਰਸ-ਲੂਣ
ਸਰਬਲੋਹ-ਲੋਹਾ, ਅਕਾਲ ਪੁਰਖ
ਸਰਬਲੋਹੀਆ-ਸਰਬਲੋਹੇ ਦੇ ਬਰਤਨਾਂ ਵਿਚ
ਛਕਣ ਵਾਲਾ
ਸਲੋਤਰ-ਮੋਟਾ ਸੋਟਾ
ਸਵਾਇਆ-ਬੋੜਾ
ਸਵਾ ਲੱਖ-ਇੱਕ
ਸਵਾ ਲੱਖ ਫ਼ੌਜ-ਇਕੋ ਸਿੰਘ
ਸਾਵੀ-ਮੂੰਗੀ

ਸਿਉ-ਪਿਉਂਦੀ ਬੇਰ
ਸ਼ਿਕਾਰੀ-ਵਿਭਚਾਰੀ ਪੁਰਸ਼
ਸਿਰਖਿੰਡੀ-ਸ਼ੱਕਰ
ਸਿਰਗੁੰਮ-ਸਿਰ ਦੇ ਵਿਚਕਾਰੋਂ ਵਾਲ ਮੁੰਨਣ ਵਾਲਾ
ਸਿਰਘਸਾ-ਸਿਰ ਮੁੰਡਨ ਕਰਾਉਣ ਵਾਲਾ
ਸਿਰਜੋੜ-ਗੁੜ
ਸਿਰੀ ਸਾਹਿਬ-ਵੱਡੀ ਤਲਵਾਰ, ਅਕਾਲ
ਸ਼ੀਸ਼ ਮਹਿਲ-ਟੁੱਟਾ ਛੱਪਰ
ਸੁਖਦੇਈ- ਤਲਾਈ, ਗੁਦੈਲੀ
ਸੁਖਨਿਧਾਨ- ਸ਼ਹੀਦੀ ਦੇਗਾਂ।
ਸੁਚਾਲਾ-ਲੰਗ ਮਾਰ ਕੇ ਚਲਣ ਵਾਲਾ
ਸੁਜਾਖਾ-ਛਾਨਣਾ
ਸੁਜਾਖੀ-ਛਾਨਣੀ।
ਸੁੰਦਰੀ-ਝਾੜੂ
ਸੁਰਗ-ਬਿਪਤਾ, ਨੀਂਦ
ਸੁਨਹਿਰੀਆ-ਰਗੜਾ ਲਾਉਣ ਵਾਲੇ ਗੁਰਭਾਈ
ਗੁੜ ਸੂਰਮਾ-ਅੰਨ੍ਹਾ, ਨੇਤ੍ਰਹੀਣਾ
ਸੂਰਮਾ- ਅੰਨ੍ਹਾ, ਨੇਤ੍ਰਹੀਣ
ਸ਼ੇਰ ਦੇ ਕੰਨ-ਦੇਗ ਪੁਣਨ ਵਾਲੇ ਪੋਣੇ ਦੇ ਲੜ
ਸ਼ੇਰ ਗਲ਼ਾ- ਪਾਟਿਆ ਕਪੜਾ
ਸੇਵਾ ਕਰਨਾ-ਮਾਰ ਕੁਟਾਈ ਕਰਨਾ
ਸੋਧਾ ਲਾਉਣਾ- ਮਾਂਜਣਾ, ਕੁਟਣਾ

ਹ

ਹਾਜ਼ਰ ਮੇਖੀ-ਪਾਟੀ ਪੁਰਾਣੀ ਖ਼ਜ਼ਾਨਾ
ਹਜ਼ੂਰੀਆ-ਸੇਵਕ, ਪਰਨਾ
ਹਰਨ ਹੋਣਾ-ਭੱਜਣਾ, ਦੌੜਨਾ
ਹਰਨੀਆਂ- ਜੂੰਆਂ
ਹਰਾ ਕਰਨੇ-ਕੇਸ ਸੁਕਾਉਣੇ
ਹੀਰਾ-ਚਿੱਟਾ ਕੇਸ
ਹੁਕਮਸਤਿ-ਚਲਾਣਾ ਕਰਨਾ, ਮਰਨਾ
ਹੂੰਝਾ-ਤੰਬਾ, ਸੁੱਥਣ
ਹੌਲਾਂ-ਇਲਾਚੀਆਂ
ਹੋਲਾ ਮਹੱਲਾ- ਸ੍ਰੀ ਅਨੰਦਪੁਰ ਦਾ ਜੋੜ ਮੇਲਾ
ਹੰਕਾਰਿਆ- ਪਾਟਿਆ ਹੋਇਆ

ਕ

ਕੱਚਾ ਪਿੱਲਾ-ਰਹਿਤ ਮਰਯਾਦਾ ਚ' ਢਿੱਲਾ
ਕੱਚਾ ਬੋਲਾ-ਝੂਠਾ ਬਚਨ, ਖਾਲਸਾਈ
ਬੋਲਿਆਂ ਤੋਂ ਬਾਹਰਲੀ ਗੱਲ
ਕੱਚੀ ਬਾਣੀ- ਗੁਰਬਾਣੀ ਬਿਨਾਂ ਹੋਰ ਕਾਵਿ-ਰਚਨਾ
ਕੱਟਾ-ਹਾਥੀ
ਕਠੌਤਾ-ਲੱਕੜ ਦਾ ਭਾਂਡਾ
ਕੁਬੀਜ-ਵੜੇਵਾਂ
ਕਮਰਕੱਸਾ ਕਰਨਾ- ਤਿਆਰ-ਬਰ-ਤਿਆਰ ਹੋਣਾ
ਕਮਰਕੱਸਾ ਖੁਲ੍ਹਾਉਣਾ-ਆਉ ਭਾਗਤ ਕਰਨੀ
ਕਰਦੋਨਾ-ਨਿੱਕੀ ਕ੍ਰਿਪਾਨ
ਕਰਾੜੀ- ਮੂਲੀ
ਕਰੇਲਾ- ਤਿੱਤਰ
ਕਲਗਾ ਸਿੰਘ-ਗੰਜਾ
ਕੜਾਕਾ-ਭੁੱਖ
ਕਾਜਾ-ਭੁੱਖਾ
ਕਾਜ਼ੀ-ਮੁਰਗਾ
ਕਾਠਗੜ੍ਹ-ਚਿਖਾ
ਕਾਨੂੰਗੋ--ਖੂੰਡਾ
ਕਾਬਲੀ ਕੁੱਤਾ- ਅਹਿਮਦਸ਼ਾਹ ਅਬਦਾਲੀ
ਕਾਰਦਾਰ- ਫਾਹੁੜਾ
ਕਾਰ ਭੇਟ-ਗੁਰੂ ਨਿਮਿਤ ਦਿੱਤੀ ਮਾਇਆ
ਕੁਹੀ-ਦਾਤੀ
ਕੁੱਠਾ-ਤੁਰਕ ਰੀਤਿ ਨਾਲ ਬਣਿਆ ਮਾਸ
ਕੁਣਕਾ-ਕੜਾਹ ਪ੍ਰਸ਼ਾਦ ਦਾ ਭੋਰਾ
ਕੁਤਬਦੀਨ- ਕੁੱਤਾ
ਕੋਤਲ- ਮੰਜਾ, ਪਲੰਘ
ਕੋਤਵਾਲ- ਚਾਕੂ

ਖ

ਖਤਰੇਟਾ- ਖੱਤਰੀ

ਖਜੂਰ-ਬੇਰ, ਹੋਲਾਂ
ਖਾਰਾ ਸਮੁੰਦਰ- ਲੱਸੀ
ਖਿਸਕੂ- ਲੰਗੋਟਾ
ਖਿਚੜ ਪਲਾਉ- ਸਾਦੀ ਖਿਚੜੀ
ਖੁਸ਼ਕ ਪਲਾਉ- ਭੁੱਜੇ ਦਾਣੇ
ਖੁਰਮਾ-ਬੇਰ
ਖੋਤੀ- ਚਿਲਮ
ਖੰਡ- ਸੁਆਹ

ਗ

ਗਜਗਾਹ- ਦੁਮਾਲੇ ਉਪਰ ਸਜਾਉਣ ਵਾਲਾ ਸ਼ਸਤ੍ਰ
ਗਧੀ ਚੁੰਗਣਾ- ਹੁੰਕਾ ਪੀਣਾ
ਗੜ੍ਹ ਤੋੜਨਾ- ਔਖਾ ਕੰਮ ਸਿਰੇ ਚੜਾਉਣਾ
ਗਿਟੇਵੱਢੀ-ਸੁੱਥਣ
ਗੁੱਦੜ-ਮਲਾਈ
ਗੁਪਤਾ-ਗੁੰਗਾ
ਗੁਪਾਲ ਫਲ- ਆਂਡਾ
ਗੁਬਿੰਦੀ-ਗਾਜਰ
ਗੁਬਿੰਦੇ- ਖਰਬੂਜੇ
ਗੈਬੀ ਫ਼ੌਜ- ਸ਼ਹੀਦਾਂ ਦੀ ਗੁਪਤ ਫ਼ੌਜ
ਗੰਢਲ-ਪਤਿਤ ਹੋਣ ਉਪਰੰਤ ਜੋ ਦੁਬਾਰਾ ਗੁਰੂ ਨਾਲ ਰਿਸ਼ਤਾ ਗੰਢਦਾ ਹੈ

ਘ

ਘੋੜਾ ਕਾਜੇ ਕਰਨਾ- ਜਤ ਸਤ ਧਾਰਨਾ
ਘੋੜਾ ਦੌੜਾਉਣਾ- ਗ੍ਰਿਹਸਤ ਕਰਨਾ

ਚ

ਚਕ੍ਰੈਲ-ਚੱਕਰਵਤੀ ਸਿੰਘ, ਬਿਹੰਗਮ
ਚਟਣ ਪਲਾਉ-ਚਟਣੀ
ਚਿਤੌੜ ਤੋੜਨਾ- ਪਿਸ਼ਾਬ ਕਰਨਾ
ਚਰਨਦਾਸੀ-ਜੁੱਤੀ
ਚਲਾਕਣ-ਸੂਈ
ਚਲਾਕਾ-ਸੂਆ
ਚੜ੍ਹਾਈ ਕਰਨਾ- ਹੱਲਾ ਬੋਲਣਾ
ਚਾਂਦਨੀ ਪੁਲਾਉ- ਭੁੰਨੀ ਜਵਾਰ
ਚਿਮਨੀ ਬੇਗਮ- ਅਫ਼ੀਮ
ਚੀਤਾ ਭਜਾਉਣਾ- ਸ਼ਰਲਾ ਮਾਰਨਾ
ਚੁਗਲ-ਸ਼ੀਸ਼ਾ
ਚੁਟਕਾ ਪ੍ਰਸ਼ਾਦ-ਰਗੜੀ ਲੂਣ ਮਿਰਚ
ਚੁਟੰਗਾ-ਬੱਕਰਾ
ਚੁਪ-ਖੰਡ
ਚੁਬਾਰੇ ਚੜ੍ਹਿਆ-ਬੋਲਾ
ਚੁਰਾਸੀ-ਦੁਨਿਆਵੀ ਲੋਕ
ਚੂਨਾ-ਆਟਾ
ਚੂਰਮਾ-ਭੋਅ, ਤੂੜੀ
ਚੋਬਚੀਨੀ-ਲਾਲ ਮਿਰਚ
ਚੌਥਾ-ਲੂਣ
ਚੰਡਾ- ਅੱਗ
ਚੰਡੀ- ਅੱਗ, ਤਲਵਾਰ, ਲੜਾਈ
ਚੰਪਾ- ਅਫ਼ੀਮ

ਛ

ਛਰਲਾ ਮਾਰਨਾ-ਪਿਸ਼ਾਬ ਕਰਨਾ
ਛਾਉਣੀ- ਸਿੰਘਾਂ ਦਾ ਡੇਰਾ
ਛਿੱਲੜ- ਰੁਪਈਆ
ਛੇਵਾਂ-ਤੇਲ

ਜ

ਜਹਾਜ਼- ਗੱਡਾ
ਜੱਕਾ-ਦਹੀਂ
ਜਗਤਜੂਠ-ਹੁੱਕਾ, ਤਮਾਕੂ
ਜਗਨਨਾਥੀ-ਤੌੜੀ
ਜਲਖਿਚ-ਪਾਣੀ ਢੋਣ ਵਾਲਾ, ਝੀਵਰ
ਜਲਤੋਰੀ- ਮੱਛੀ
ਜਲੇਬੀ-ਜੰਡਫਲੀ
ਜੜਪੁੱਟ-ਮੋਚਨਾ
ਜਾਨ ਭਾਈ-ਆਪਣੀ ਸਵਾਰੀ ਦਾ ਘੋੜਾ
ਜੂੰਆਂ ਦੀ ਪੀਂਘ- ਜਨੇਊ

ਜੋੜ ਮੇਲ....ਸਿੱਖਾਂ ਦੀ ਇਕਤ੍ਰਤਾ ਸਮਾਗਮ
ਜੋੜ ਮੇਲਣੀ-ਸੂਈ
ਜੁਆਲਾ ਵਸਣੀ-ਬੰਦੂਕ

ਝ

ਝਟਕਾ-ਇਕੋ ਵਾਰ ਕੱਟ ਕੇ ਬਣਿਆ ਮਾਸ

ਟ

ਟਹਲੂਆ-ਰੁਮਾਲ, ਸੇਵਾਦਾਰ।
ਟਾਂਗੂ- ਉੱਚੀ ਛਾਂ ਬੈਠਾ ਚੌਂਕੀਦਾਰ
ਟੁੱਕਰ- ਸ਼ਾਹੀ ਜਾਗੀਰ

ਠ

ਠਾਣੇਦਾਰ-ਗਧਾ
ਠਿਪਰ-ਗੋਂਗਲੂ
ਠੀਕਰੀ-ਰੁਪਈਆ

ਡ

ਡਲਾ-ਰਿੱਝੇ ਨਾਸ ਦਾ ਟੁਕੜਾ
ਡਾਇਣ-ਮਾਇਆ
ਡਿਉਢੀ-ਨੱਕ

ਤ

ਤਹਿਤੋੜ-ਪਰਾਉਂਠਾ
ਤੱਤ ਖ਼ਾਲਸਾ-ਤਿਆਰ-ਬਰ-ਤਿਆਰ ਸਿੰਘ
ਤਨਖਾਹ-ਸਜ਼ਾ, ਧਾਰਮਿਕ ਉਕਾਈ
ਤਨਖਾਹੀਆ- ਰਹਿਤ- ਮਰਯਾਦਾ ਦੀ ਉਕਾਈ ਕਾਰਨ ਜੋ ਸਜ਼ਾ ਦਾ ਭਾਗੀ ਹੋਵੇ
ਤਿਟੰਗੀ- ਗਾਇਤਰੀ
ਤਿਮਰ ਲੰਗੀਆ- ਡੁੱਡਾ, ਲੰਙਾ
ਤੁਰਕ ਬੱਕਰੀ- ਕੰਜਰੀ
ਤੁਰਤ ਪਲਾਉ- ਚਟਣੀ
ਤੇਜਾ ਸਿੰਘ- ਇੰਜਣ
ਤੋੜਾ-ਬੰਦੂਕ ਦਾ ਫੀਤਾ, ਦੁਮਾਲੇ
ਤੋੜਾ ਝਾੜਨਾ - ਬੰਦੂਕ ਚਲਾਉਣਾ

ਦ

ਦਸਤ ਪੰਜਾ- ਚਿਮਟਾ, ਸੰਨ੍ਹੀ।
ਦਸਤਾਰ-ਪੱਗ।
ਦਬੜੂ-ਘੁਸੜੂ-ਰਹਿਤ ਵਿਚ ਢਿੱਲਾ
ਦਮੜਾ-ਰੁਪਈਆ
ਦਲ-ਸਿੰਘ ਸੈਨਾ
ਦਾਖ-ਪੀਲੂ
ਦਿਆਲ ਕੌਰ-ਕੜਛੀ
ਦਿਦਾਰਾ ਸਿੰਘ-ਸ਼ੀਸ਼ਾ
ਦੁਸ਼ਾਲਾ- ਕੰਬਲ
ਦੁਸਾਂਗਾ- ਪਜਾਮਾ
ਦੁਨਾਲੀ- ਸਲੰਘ
ਦੁੰਬਾ- ਪੇਠਾ
ਦੁਬੁਰਜੀ - ਸੁੱਥਣ
ਦੁਮਾਲਾ- ਉਚਾ ਸਜਾਇਆ ਦੂਹਰਾ ਦਸਤਾਰਾ
ਦੇਗ- ਪ੍ਰਸ਼ਾਦ ਪਾਣੀ, ਕੜਾਹ ਪ੍ਰਸ਼ਾਦ

ਧ

ਧਨੰਤਰ- ਨਿੰਮ
ਧਰਮਰਾਜ ਦੀ ਧੀ-ਨੀਂਦ
ਧਰਮਰਾਜ ਦਾ ਪੁੱਤਰ - ਬੁਖਾਰ,ਆਕੜ ਭੰਨ
ਧੂੜਕੋਟ- ਘੱਘਰਾ।

ਨ

ਨਹੇਰਨਾ ਸਿੰਘ- ਨਾਈ
ਨੜੀਮਾਰ- ਹੁੱਕਾ ਪੀਣ ਵਾਲਾ
ਨਿਸ਼ਾਨ ਸਾਹਿਬ-ਝੰਡਾ
ਨਿਹਕਲੰਕ- ਘੜਾ।

ਪ

ਪਚਰੰਗ-ਮੰਜਾ
ਪਠਾਣਸਿਰੀ-ਗੋਭੀ।
ਬਟੇਰਾ-ਬਤਾਊਂ ਪਤਾਲਪੁਰੀ,
ਪਤਾਲਮੋਚਨੀ-ਕਹੀ
ਪਰਸੁਰਾਮ-ਕੁਹਾੜਾ
ਪਰਸਾ- ਜਲ
ਪਰਸ਼ਾਦਾ-ਰੋਟੀ

ਪਰਜਾਪਤਿ- ਘੁਮਾਰ।
ਪਰੀ-ਭੇਡ
ਪਲਟਾ-ਖੁਰਚਣਾ
ਪਾਹੁਲ-ਖੰਡੇ ਦਾ ਅੰਮ੍ਰਿਤ
ਪੌਣਤਰੰਗ-ਮਰੀਅਲ ਟੱਟੂ
ਪੌਣ ਪ੍ਰਕਾਸ਼-ਪੱਖਾ
ਪੰਚਾਮ੍ਰਿਤ-ਕੜਾਹ ਪ੍ਰਸ਼ਾਦ
ਪੰਜਰਤਨੀ-ਸ਼ਰਾਬ
ਪੰਜਵਾਂ-ਘਿਉ
ਪੰਜਵਾਂ ਵੇਦ-ਸੋਟਾ, ਸਲੋਤਰ
ਪੰਥ-ਖਾਲਸਾ ਕੌਮ।
ਪੰਮਾ-ਕਪਟੀ ਬ੍ਰਾਹਮਣ
ਪ੍ਰਕਾਸ਼ਾ ਸਿੰਘ-ਦਿਨ
ਪ੍ਰਸ਼ਾਦਾ-ਰੋਟੀ

ਫ

ਫੱਟੜ ਪ੍ਰਸ਼ਾਦਾ-ਅੱਧੀ ਰੋਟੀ
ਫਤਹਿ ਕੁਮੈਤ-ਸੋਟੀ।
ਫਿਰਨਾ-ਖਰਾਸ।
ਫਿਰਨੀ-ਚੱਕੀ
ਫ਼ੌਜ-ਇਕ ਬਿਹੰਗਮ ਸਿੰਘ।

ਬ

ਬਸੰਤ ਕੌਰ- ਮੱਕੀ- ਬਸੰਤਰ-ਅਗਨੀ
ਬਹੁਗੁਣਾ-ਗੰਧਾਲਾ
ਬਹਿਸ਼ਤੀ-ਮਾਸ਼ਕੀ, ਝੋਲਾ
ਬਘਿਆੜੀ- ਦਾਤੀ
ਬਦਾਣਾ-ਕਰੀਰ ਦਾ ਫਲ, ਡੇਲੇ
ਬਦਾਮ-ਭੁੱਜੇ ਛੋਲੇ।
ਬਬਰੂ-ਖਮੀਰੀ ਰੋਟੀ
ਬਾਜ਼-ਖੁਰਪਾ, ਰੰਬਾ
ਬਾਮ੍ਹਣ-ਪਿਪਲ
ਬਾਮ੍ਹਣੀ-ਖੀਰ
ਬਾਲੀ ਫ਼ੌਜ-ਕੁੜੀਆਂ ਦੀ ਟੋਲੀ
ਬਿਹੰਗਮ-ਚੱਕ੍ਰਵਰਤੀ ਸਿੰਘ
ਬਿਖਿਆ-ਤਮਾਕੂ
ਬਿਬੇਕ-ਰਹਿਤ ਮਰਯਾਦਾ ਬਾਰੇ ਵਿਚਾਰ
ਬਿਬੇਕੀ-ਵਿਚਾਰਵਾਨ, ਸੋਧੀ ਸਿੰਘ
ਬੁੰਗਾ-ਸਿੰਘਾਂ ਦਾ ਨਿਵਾਸ ਸਥਾਨ, ਨਿਹੰਗ ਸਿੰਘਾਂ ਦਾ ਉੱਚਾ ਦੁਮਾਲਾ
ਬੁੱਧ ਅਵਤਾਰ- ਲੂਲਾ ਲੰਗੜਾ, ਟੁੰਡਾ
ਬੰਦਗੋਭੀ- ਬੁਰਕੇਵਾਲੀ
ਬੇਮੁਹਤਾਜੀ-ਕੜਛੀ
ਬ੍ਰਹਮਰਸ- ਇੱਖ ਦਾ ਰਸ

ਭ

ਭਗਉਤੀ-ਤਲਵਾਰ, ਅਕਾਲ ਪੁਰਖ
ਭਾਜਾ- ਸਬਜ਼ੀ, ਤਰਕਾਰੀ
ਭਾਣਾ- ਰੱਬੀ ਹੁਕਮ।
ਭੁਇੰਸੂਰ-ਸ਼ਲਗਮ
ਭੁਜੰਗੀ-ਸਿੰਘਾਂ ਦਾ ਲੜਕਾ
ਭੁਟੇਰਾ-ਅੱਗ ਵਿੱਚ ਭੁੰਨਿਆ ਆਟੇ ਦਾ ਪਿੰਨਾ
ਭੂਤਨੀ-ਅਨ੍ਹੇਰੀ, ਰੇਲ ਗੱਡੀ

ਮ

ਮਸਤਾਨਾ-ਪਾਟਿਆ ਹੋਇਆ ਕੱਪੜਾ
ਮਸਾਣੀ- ਗੁਦਾ।
ਮਹਿਖਾਸਰ-ਝੋਟਾ
ਮਹਾਂ ਪ੍ਰਸ਼ਾਦ-ਝਟਕੇ ਦਾ ਰਿੱਝਾ ਮਾਸ
ਮੱਖਣਵੜੇ-ਟੀਂਡੇ
ਮਖਮਲੀ ਫ਼ਰਸ਼- ਘਾਹ ਵਾਲੀ ਸਰਸਬਜ਼ ਥਾਂ
ਮਰਚੌਨਾ- ਕਾਲੀ ਮਿਰਚ
ਮਲਕਾ- ਬਿੱਲੀ, ਬਾਹਮਣੀ ਕੁੱਤਾ ਪੰਡਤ
ਮੜੌਲੀ-ਦੇਹੀ।
ਮਾਮਾ-ਬੁਖਾਰ
ਮਸਤਗੜ੍ਹ- ਮਸਜਿਦ ਬਦਲ ਕੇ ਬਣਾਈ ਧਰਮਸ਼ਾਲਾ
ਮੁਰਗਾਬੀ-ਮੱਖੀ
ਮਦਾਨ ਖੇਡਣਾ-ਜੰਗਲ ਪਾਣੀ ਜਾਣਾ

ਮੋਤੀਚੂਰ-ਬਾਜਰਾ
ਮੋਰਚਾ ਲਾਉਣਾ- ਜ਼ਰੂਰੀ ਕੰਮ ਲਈ ਉਦਮ ਕਰਨਾ
ਮਾਰਾ ਬਕਾਰਾ-ਗਾਲ੍ਹਮੰਦਾ
ਮਿੱਠਾ ਪ੍ਰਸ਼ਾਦਾ-ਬੇਹੀ ਰੋਟੀ
ਮਿਠਿਆਈ- ਸ਼ੱਕਰਕੰਦੀ
ਮੁਸ਼ਕਾਂ ਕਸਣਾ- ਚਿਹਰਾ ਸਜਾਉਣਾ
ਮੁਸਲੀ ਯੁੱਧ- ਤੁਰਕਣੀ ਨਾਲ ਭੋਗ
ਮੁਹੰਮਦੀ ਇਨਸਾਨ- ਨੰਗੇ ਨ੍ਹਾਉਣਾ
ਮੁਹੰਮਦੀ ਸਵਾਰੀ- ਊਠ
ਮੁਹੰਮਦੀ ਪੌਲਾ- ਉਸਤਰਾ
ਮੁਖ ਮਾਂਜਣਾ- ਦਾਤਣ
ਮੁਗਲਾਣੀ- ਕਾਲੀ ਮਿਰਚ
ਮੁਰੀਦੀ-ਫਿੱਕੀ ਸ਼ਰਦਾਈ
ਮੁਲਾਹਜ਼ਾਤੋੜ-ਸੋਟਾ
ਮੁਰਗਾ- ਕਾਜ਼ੀ।
ਮੂੰਹਤਾਣੀ-ਕੈਂਚੀ

ਰ

ਰੱਜੀ-ਕੜਛੀ
ਰਾਕਾ- ਇਰਾਕੀ ਨਸਲ ਦਾ ਘੋੜਾ
ਰਾਮਚੌਂਕਾ-ਉਜਾੜ ਵਿਚ ਬਣਾਈ ਰਸੋਈ
ਰਾਮ ਜੰਗਾ- ਬੰਦੂਕ
ਰਾਮ ਬਾਗ- ਜੰਗਲ
ਰਾਮ ਰਸ- ਲੂਣ, ਸਰਬ ਰਸ
ਰਾਮ ਲੱਡੂ- ਤੀਰਾ, ਅੰਡਾ
ਰੁਪਾ- ਗੰਢਾ, ਪਿਆਜ
ਰੇਸ਼ਮ-ਸਣ
ਰੋੜੂ ਪ੍ਰਸ਼ਾਦ- ਡੇਲਿਆਂ ਦਾ ਆਚਾਰ, ਗੰਢਾ
ਰੰਘੜ-ਤੂਤ
ਰੰਘੜੀ- ਮੱਕੀ ਦੀ ਛੱਲੀ

ਲ

ਲੱਖਨੇਤ੍ਰਾ-ਕਾਣਾ
ਲੱਖਬਾਂਹਾ-ਟੁੰਡਾ
ਲੱਡੂ- ਟਿੰਡੇ
ਲਵੇਰਾ-ਖੋਦਾ, ਅਣਦਾੜ੍ਹੀਆ
ਲੜਾਕੀ- ਲਾਲ ਮਿਰਚ
ਲਾਚੀਦਾਨਾ- ਬਾਜਰਾ
ਲੌਂਗਚਿੜਾ- ਲਸਣ
ਲੰਗਰ ਮਸਤ- ਜਿਥੇ ਖਾਣ ਪੀਣ ਨੂੰ ਕੁਝ ਨਾ ਹੋਵੇ
ਲੰਡੀ ਬੁੱਚੀ- ਧਰਮਹੀਣ, ਕੁਰਹਿਤੀਏ ਲੋਕ

ਵ

ਵਹੀਰ-ਸਿੰਘਾਂ ਦਾ ਚਕਰਵਤੀ ਦਲ
ਵਹੀਰੀਆ- ਵਹੀਰ ਦਾ ਮੈਂਬਰ, ਜਥੇਦਾਰ
ਵਰਤਾਰਾ- ਕੜਛਾ
ਵੇਹਲਾ ਸਿਰ- ਜਿਸ ਦੇ ਸਿਰ ਤੇ ਕੇਸ ਨਹੀਂ

ਗੁਰਬਾਣੀ 'ਚ ਵਰਤੇ ਗਏ ਗਿਣਤੀ ਦੇ ਅੰਕ

੧	੧੧	੨੧	੩੧	੪੧	੫੧	੬੧	੭੧	੮੧	੯੧
੨	੧੨	੨੨	੩੨	੪੨	੫੨	੬੨	੭੨	੮੨	੯੨
੩	੧੩	੨੩	੩੩	੪੩	੫੩	੬੩	੭੩	੮੩	੯੩
੪	੧੪	੨੪	੩੪	੪੪	੫੪	੬੪	੭੪	੮੪	੯੪
੫	੧੫	੨੫	੩੫	੪੫	੫੫	੬੫	੭੫	੮੫	੯੫
੬	੧੬	੨੬	੩੬	੪੬	੫੬	੬੬	੭੬	੮੬	੯੬
੭	੧੭	੨੭	੩੭	੪੭	੫੭	੬੭	੭੭	੮੭	੯੭
੮	੧੮	੨੮	੩੮	੪੮	੫੮	੬੮	੭੮	੮੮	੯੮
੯	੧੯	੨੯	੩੯	੪੯	੫੯	੬੯	੭੯	੮੯	੯੯
੧੦	੨੦	੩੦	੪੦	੫੦	੬੦	੭੦	੮੦	੯੦	੧੦੦

ਉਪਰੋਕਤ ਗਿਣਤੀ ਦੇ ਅਭਿਆਸ ਵਾਸਤੇ ਸਤਿਗੁਰਾਂ ਦਾ ਜੀਵਨ ਬਿਉਰਾ

ਦਸ ਗੁਰੂ ਸਾਹਿਬਾਨ ਜੀ ਦੇ ਨਾਮ	ਪ੍ਰਕਾਸ਼ ਮਿਤੀ	ਵਿਆਹ ਮਿਤੀ	ਗੁਰਤਾ ਗੱਦੀ ਮਿਤੀ	ਜੋਤੀ ਜੋਤ ਦੀ ਮਿਤੀ	ਗੱਦੀ-ਨਸ਼ੀਨ ਕਾਲ	ਕੁਲ ਸਰੀਰਕ ਆਯੂ
੧. ਸ੍ਰੀ ਗੁਰੂ ਨਾਨਕ ਦੇਵ ਜੀ	ਕੱਤਕ ਦੀ ਪੁੰਨਿਆ ਸੰਮਤ ੧੫੨੬ ੨੯ ਨਵੰਬਰ ੧੪੬੯	੨੪ ਜੇਠ ਸੰਮਤ ੧੫੪੪	ਆਦਿ ਤੋਂ	੨੩ ਅੱਸੂ ਸੰਮਤ ੧੫੯੬ ੨੨ ਸਤੰਬਰ ੧੫੩੯	੭੦ ਸਾਲ ੪ ਮਹੀਨੇ ਅਤੇ ੩ ਦਿਨ	੭੦ ਸਾਲ ੪ ਮਹੀਨੇ ਅਤੇ ੩ ਦਿਨ
੨. ਸ੍ਰੀ ਗੁਰੂ ਅੰਗਦ ਦੇਵ ਜੀ	੫ ਵੈਸਾਖ ਸੰਮਤ ੧੫੬੧ ੩੧ ਮਾਰਚ ੧੫੦੪	੧੬ ਮੱਘਰ ਸੰਮਤ ੧੫੭੬	ਅੱਸੂ ਸੁਦੀ ੫ ਸੰਮਤ ੧੫੯੬ ੬ ਅਕਤੂਬਰ ੧੫੩੯	ਚੇਤਰ ਸੁਦੀ ੪ ਸੰਮਤ ੧੬੦੯ ੨੭ ਮਾਰਚ ੧੫੫੨	੧੨ ਸਾਲ ੭ ਮਹੀਨੇ ਅਤੇ ੧੧ ਦਿਨ	੪੭ ਸਾਲ ੧੧ ਮਹੀਨੇ ਅਤੇ ੪ ਦਿਨ
੩. ਸ੍ਰੀ ਗੁਰੂ ਅਮਰਦਾਸ ਜੀ	ਵੈਸਾਖ ਸੁਦੀ ੧੪ ਸੰਮਤ ੧੫੨੬ ੫ ਮਈ ੧੪੬੯	੧੭ ਮੱਘਰ ਸੰਮਤ ੧੫੫੬	ਚੇਤਰ ਸੁਦੀ ੧ ਸੰਮਤ ੧੬੦੯ ੨੫ ਮਾਰਚ ੧੫੫੨	ਭਾਦੋ ਦੀ ਪੂਰਨਮਾਸੀ ਸੰਮਤ ੧੬੩੧ ੧ ਅਕਤੂਬਰ ੧੫੭੪	੨੧ ਸਾਲ ੬ ਮਹੀਨੇ ਅਤੇ ੨੫ ਦਿਨ	੧੦੪ ਸਾਲ ੯ ਮਹੀਨੇ ਅਤੇ ੨੫ ਦਿਨ
੪. ਸ੍ਰੀ ਗੁਰੂ ਰਾਮਦਾਸ ਜੀ	ਕੱਤਕ ਵਦੀ ੨ ਸੰਮਤ ੧੫੯੧ ੨ ਨਵੰਬਰ ੧੫੩੪	੨੨ ਫੱਗਣ ਸੰਮਤ ੧੬੧੦	ਭਾਦੋਂ ਸੁਦੀ ੧੩ ਸੰਮਤ ੧੬੩੧ ੨੯ ਸਤੰਬਰ ੧੫੧੪	ਭਾਦੋਂ ਸੁਦੀ ੧੩ ਸੰਮਤ ੧੬੩੧ ੨੯ ਸਤੰਬਰ ੧੫੧੪	੭ ਸਾਲ	੩੯ ਸਾਲ ੧੧ ਮਹੀਨੇ ਅਤੇ ੨੯ ਦਿਨ
੫. ਸ੍ਰੀ ਗੁਰੂ ਅਰਜਨ ਦੇਵ ਜੀ	ਵੈਸਾਖ ਵਦੀ ੭ ਸੰਮਤ ੧੬੨੦ ੧੪ ਅਪ੍ਰੈਲ ੧੫੬੩	੨੨ ਹਾੜ ਸੰਮਤ ੧੬੪੭	ਭਾਦੋਂ ਸੁਦੀ ੨ ਸੰਮਤ ੧੬੩੮ ੧ ਸਤੰਬਰ ੧੫੮੧	੨੨ ਜੇਠ ਸੰਮਤ ੧੬੬੨ ੨੫ ਮਈ ੧੬੦੫	੨੩ ਸਾਲ ੨੬ ਦਿਨ	੪੦ ਸਾਲ ੮ ਮਹੀਨਾ ਅਤੇ ੯ ਦਿਨ
੬. ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ	੨੧ ਹਾੜ ਸੰਮਤ ੧੬੫੨ ੬ ਜੂਨ ੧੫੯੬	੧. ੧੨ ਭਾਦੋ ਸੰਮਤ ੧੬੬੧ ੨. ੮ ਵੈਸਾਖ ਸੰਮਤ ੧੬੭੦ ੩. ੧੧ ਸਾਉਣ ਸੰਮਤ ੧੬੭੨	ਜੇਠ ਵਦੀ ੮ ਸੰਮਤ ੧੬੬੩ ੧੫ ਮਈ ੧੬੦੪	ਚੇਤ ਸੁਦੀ ੫ ਸੰਮਤ ੧੬੯੫ ੨੮ ਮਾਰਚ ੧੬੩੮	੩੨ ਸਾਲ ੧੦ ਮਹੀਨੇ ੧੨ ਦਿਨ	੪੨ ਸਾਲ ੯ ਮਹੀਨੇ ਅਤੇ ੧੯ ਦਿਨ
੭. ਸ੍ਰੀ ਗੁਰੂ ਹਰਰਾਇ ਸਾਹਿਬ ਜੀ	ਮਾਘ ਸੁਦੀ ੧੪ ਸੰਮਤ ੧੬੮੭ ੫ ਫਰਵਰੀ ੧੬੩੦	੩ ਹਾੜ ਸੰਮਤ ੧੬੯੭	ਚੇਤ ਸੁਦੀ ਤ੍ਰੋਦਸੀ ਸੰਮਤ ੧੬੯੫ ੨੨ ਮਾਰਚ ੧੬੩੮	ਕੱਤਕ ਵਦੀ ਨੌਮੀ ਸੰਮਤ ੧੭੧੮ ੮ ਨਵੰਬਰ ੧੬੬੧	੨੨ ਸਾਲ ੧ ਮਹੀਨਾ ੧ ਦਿਨ	੩੦ ਸਾਲ ੧ ਮਹੀਨਾ ਅਤੇ ੧੫ ਦਿਨ
੮. ਸ੍ਰੀ ਹਰਕ੍ਰਿਸ਼ਨ ਸਾਹਿਬ ਜੀ	ਸਾਉਣ ਵਦੀ ੯ ਸੰਮਤ ੧੭੧੩ ੧੪ ਜੁਲਾਈ ੧੬੫੬		ਕੱਤਕ ਵਦੀ ੯ ਸੰਮਤ ੧੭੧੮ ੮ ਨਵੰਬਰ ੧੬੬੧	ਚੇਤਰ ਸੁਦੀ ੧੪ ਸੰਮਤ ੧੭੨੧ ੬ ਅਪ੍ਰੈਲ ੧੬੬੪	੨ ਸਾਲ ੧ ਮਹੀਨਾ ੧੪ ਦਿਨ	੬ ਸਾਲ ੧੧ ਮਹੀਨੇ ਅਤੇ ੨੦ ਦਿਨ
੯. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ	ਵੈਸਾਖ ਵਦੀ ਪੰਚਮੀ ਸੰਮਤ ੧੬੭੮ ੧੨ ਅਪ੍ਰੈਲ ੧੬੨੧	੯ ਫੱਗਣ ਸੰਮਤ ੧੬੮੯	ਚੇਤ ਸੁਦੀ ਚੌਦਸ ਸੰਮਤ ੧੭੨੧ ੬ ਅਪ੍ਰੈਲ ੧੬੬੪	ਮੱਘਰ ਸੁਦੀ ੫ ਸੰਮਤ ੧੭੩੨ ੧੯ ਦਸੰਬਰ ੧੬੭੫	੧੦ ਸਾਲ ੩ ਮਹੀਨੇ ੧੮ ਦਿਨ	੫੨ ਸਾਲ ੪ ਮਹੀਨੇ
੧੦. ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ	ਪੋਹ ਸੁਦੀ ੭ ਸੰਮਤ ੧੭੨੩ ੫ ਜਨਵਰੀ ੧੬੬੬	੧. ਸੰਮਤ ੧੭੩੭ ੨. ੩ ਵੈਸਾਖ ਸੰਮਤ ੧੭੪੧	ਮੱਘਰ ਸੁਦੀ ੩ ਸੰਮਤ ੧੭੩੨	ਕੱਤਕ ਸੁਦੀ ੫ ਸੰਮਤ ੧੭੬੫ ੧੯ ਨਵੰਬਰ ੧੭੦੮	੩੨ ਸਾਲ ੧੧ ਮਹੀਨੇ ੨ ਦਿਨ	੪੧ ਸਾਲ ੯ ਮਹੀਨੇ ਅਤੇ ੨੮ ਦਿਨ

ਪੰਜਾਂ ਪਿਆਰਿਆਂ ਦਾ ਸੰਖੇਪ ਜੀਵਨ ਬਿਉਰਾ

ਪਿਆਰਿਆਂ ਦੇ ਨਾਮ	ਪਿਤਾ ਜੀ ਮਾਤਾ ਜੀ ਦਾਦੇ ਪੜਦਾਦੇ ਦਾ ਨਾਮ	ਜਨਮ ਅਸਥਾਨ ਸੰਮਤ	ਸੁਪਤਨੀ ਅਤੇ ਵਿਆਹ ਤਰੀਕ	ਸੰਤਾਨ	ਪਿਆਰਿਆਂ ਦੇ ਪੋਤਰੇ ਪੜਪੋਤੇ	ਦੇਹਾਂਤ ਸ਼ਹੀਦੀ ਕੁਲ ਉਮਰ
ਪਿਆਰੇ ਭਾਈ ਦਇਆ ਸਿੰਘ ਜੀ	ਪਿਤਾ ਮਈਆ ਸਿੰਘ ਜਨਮ ੧-੫-੧੬੪੦ ਅੰਮ੍ਰਿਤਪਾਨ ੧੬੯੯ ਸ਼ਹੀਦੀ ੯-੬-੧੭੨੩ ਕੁਲ ਉਮਰ ੮੩ ਸਾਲ ੧ ਮਹੀਨਾ ੯ ਦਿਨ ਮਾਤਾ ਸੋਭਾ ਕੌਰ ਜਨਮ ੪-੪-੧੬੪੩ ਅੰਮ੍ਰਿਤਪਾਨ ੧੬੯੯ ਸ਼ਹੀਦੀ ੧੧-੮-੧੭੧੯ ਕੁਲ ਉਮਰ ੭੬ ਸਾਲ ੪ ਮਹੀਨੇ ੮ ਦਿਨ ਦਾਦਾ ਭਾਈ ਕਮਾਲਾ ਜੀ ਪੜਦਾਦਾ ਭਾਈ ਗੁਰੀਆ ਜੀ, ਭਾਈ ਪਾਰੋ ਜੁਲਕਾ ਖਤਰੀ	ਲਾਹੌਰ, ਪੰਜਾਬ "ਪਾਕਿਸਤਾਨ" ੧ ਫੱਗਣ ਸੰਮਤ ੧੭੨੫ ੧ ਫਰਵਰੀ ੧੬੬੮	ਬੀਬੀ ਦਿਆਲੀ ਕੌਰ ਜੀ ਜਨਮ ੧੨ ਅਪ੍ਰੈਲ ੧੬੭੦ ਵਿਆਹ ੨੫ ਮਈ ੧੬੮੪ ਅੰਮ੍ਰਿਤਪਾਨ ੧੬੯੯ ਦੇਹਾਂਤ ੧੯ ਨਵੰਬਰ ੧੭੪੦ ਕੁੱਲ ਉਮਰ ੭੦ ਸਾਲ ੭ ਮਹੀਨੇ ੭ ਦਿਨ	੧ ਭਾਈ ਜਵਾਹਰ ਸਿੰਘ ਜਨਮ ੧੬੮੬ ਦੇਹਾਂਤ ੧੭੭੨ ੨. ਭਾਈ ਕਿਰਪਾਲ ਸਿੰਘ ਜਨਮ ੨੧ ਮਾਰਚ ੧੬੮੮ ਸ਼ਹੀਦੀ ੨੨ ਜਨਵਰੀ ੧੬੯੦ ੩. ਬੀਬੀ ਮਨਤ ਕੌਰ ਜਨਮ ੨੨ ਜਨਵਰੀ ੧੬੯੦ ੪. ਬੀਬੀ ਅਨੰਦ ਕੌਰ ਜਨਮ ੨੫ ਦਸੰਬਰ ੧੬੯੨	"ਪੋਤਰੇ" ਭਾਈ ਧੀਰਜ ਸਿੰਘ ਜੀ ਭਾਈ ਮਿਲਾਪ ਸਿੰਘ "ਪੜਪੋਤਰੇ" ਭਾਈ ਹਰਿਅਰਾਧ ਸਿੰਘ ਭਾਈ ਹਰਿਬਖਸ਼ ਸਿੰਘ ਭਾਈ ਜੇਠਾ ਸਿੰਘ ਭਾਈ ਅਨਾਹੰਦ ਸਿੰਘ	"ਦੇਹਾਂਤ" ੨੧ ਦਸੰਬਰ ੧੭੦੮ ੨੬ ਮੱਘਰ ਸੰਮਤ ੧੭੬੫ "ਕੁੱਲ ਉਮਰ" ੪੦ ਸਾਲ ੧੦ ਮਹੀਨੇ ੨੧ ਦਿਨ
ਪਿਆਰੇ ਭਾਈ ਧਰਮ ਸਿੰਘ ਜੀ	ਪਿਤਾ ਧਰਮੁੱਖ ਸਿੰਘ ਜਨਮ ੧੬-੯-੧੬੪੮ ਅੰਮ੍ਰਿਤਪਾਨ ੧੬੯੯ ਮਾਤਾ ਅਨੰਤ ਕੌਰ ਜਨਮ ੧੭-੨-੧੬੫੦ ਅੰਮ੍ਰਿਤਪਾਨ ੧੬੯੯ ਦਾਦਾ ਭਾਈ ਰਾਮ ਜੀ ਪੜਦਾਦਾ ਭਾਈ ਹਰਕਮਲ ਜੀ	ਹਸਤਨਾਪੁਰ,ਮੇਰਠ "ਦਿੱਲੀ" ੧੩ ਵੈਸਾਖ ਸੰਮਤ ੧੭੨੭ ੧੨ ਅਪ੍ਰੈਲ ੧੬੭੦	ਬੀਬੀ ਸੁਖਵੰਤ ਕੌਰ ਜੀ ਜਨਮ ੨੨ ਨਵੰਬਰ ੧੬੭੨ ਵਿਆਹ ੯ ਮਾਰਚ ੧੬੮੭ ਅੰਮ੍ਰਿਤਪਾਨ ੧੬੯੯ ਦੇਹਾਂਤ ੨੪ ਦਸੰਬਰ ੧੭੫੪ ਕੁੱਲ ਉਮਰ ੮੨ ਸਾਲ ੧ ਮਹੀਨਾ ੩ ਦਿਨ	੧. ਬੀਬੀ ਤਰਨ ਕੌਰ ਜਨਮ ੧੧ ਫਰਵਰੀ ੧੬੮੮ ੨. ਭਾਈ ਫਕੀਰ ਸਿੰਘ ਜਨਮ ੮ ਮਾਰਚ ੧੬੮੯ ੩. ਭਾਈ ਅਮਰ ਸਿੰਘ ਜਨਮ ੧ ਜਨਵਰੀ ੧੬੯੧ ੪. ਭਾਈ ਵੀਰ ਸਿੰਘ ਜਨਮ ੨੫ ਦਸੰਬਰ ੧੬੯੩	"ਪੋਤਰੇ" ਭਾਈ ਮਟਬਾ ਸਿੰਘ ਜੀ ਭਾਈ ਸੁਰਜਾ ਸਿੰਘ ਜੀ ਭਾਈ ਦਰਬਾਰ ਸਿੰਘ ਜੀ ਭਾਈ ਮਾਹੰਲਾ ਸਿੰਘ ਜੀ "ਪੜਪੋਤਰੇ" ਭਾਈ ਹਰੀ ਸਿੰਘ ਜੀ ਭਾਈ ਗੰਡਾ ਸਿੰਘ ਜੀ ਭਾਈ ਚੰਪਾ ਸਿੰਘ ਜੀ ਭਾਈ ਮੱਖਣ ਸਿੰਘ ਜੀ ਭਾਈ ਸਾਧੂ ਸਿੰਘ ਜੀ	"ਦੇਹਾਂਤ" ੧੪ ਜੂਨ ੧੭੧੧ ੧੧ ਜੇਠ ਸੰਮਤ ੧੭੬੮ "ਕੁੱਲ ਉਮਰ" ੪੧ ਸਾਲ ੨ ਮਹੀਨੇ ੨ ਦਿਨ
ਪਿਆਰੇ ਭਾਈ ਹਿੰਮਤ ਸਿੰਘ ਜੀ	ਪਿਤਾ ਗੁਲਜ਼ਾਰ ਸਿੰਘ ਜੀ ਜਨਮ ੧੭-੩-੧੬੪੦ ਅੰਮ੍ਰਿਤਪਾਨ ੧੬੯੯ ਸ਼ਹੀਦੀ ੬-੧੨-੧੭੦੪ ਕੁੱਲ ਉਮਰ ੬੪ ਸਾਲ ੮ ਮਹੀਨੇ ੨੦ ਦਿਨ ਮਾਤਾ ਲਾਲ ਕੌਰ ਜਨਮ ੧੬੪੨ ਸ਼ਹੀਦੀ ੪-੧੨-੧੭੦੪ ਕੁੱਲ ਉਮਰ ੬੩ ਸਾਲ ਦਾਦਾ ਭਾਈ ਛੱਜੂ ਰਾਮ ਝੀਵਰ ਪੜਦਾਦਾ ਭਾਈ ਮਾਣਕੀ ਬਾਈ	ਜਗਨਨਾਥਪੁਰੀ "ਉੜੀਸਾ" ੧੫ ਜੇਠ ਸੰਮਤ ੧੭੨੧ ੧੭ ਮਈ ੧੬੬੪	ਬੀਬੀ ਰਾਮ ਕੌਰ ਜੀ ਜਨਮ ੨੪ ਮਈ ੧੬੬੭ ਵਿਆਹ ੧੧ ਨਵੰਬਰ ੧੬੮੪ ਅੰਮ੍ਰਿਤਪਾਨ ੧੬੯੯ ਦੇਹਾਂਤ ੩੦ ਦਸੰਬਰ ੧੭੩੨ ਕੁੱਲ ਉਮਰ ੬੫ ਸਾਲ ੫ ਮਹੀਨੇ ੬ ਦਿਨ	੧ ਭਾਈ ਗੁਰਦਿੱਤ ਸਿੰਘ ਜਨਮ ੧੩ ਦਸੰਬਰ ੧੬੮੫ ਸ਼ਹੀਦੀ ੬ ਦਸੰਬਰ ੧੭੦੪ ੨. ਭਾਈ ਹਰਦਿੱਤ ਸਿੰਘ ਜਨਮ ੫ ਜਨਵਰੀ ੧੬੮੭ ਦੇਹਾਂਤ ੧੦ ਜੂਨ ੧੭੫੭ ੩. ਭਾਈ ਨਿਧਾਨ ਸਿੰਘ ਜਨਮ ੧੩ ਅਪ੍ਰੈਲ ੧੬੮੮ ਸ਼ਹੀਦੀ ੧੬ ਦਸੰਬਰ ੧੭੦੪ ੪. ਬੀਬੀ ਨਸੀਬ ਕੌਰ ਜਨਮ ੨੫ ਦਸੰਬਰ ੧੬੯੦ ੫. ਭਾਈ ਤਾਰਾ ਸਿੰਘ ਜਨਮ ੧੧ ਅਪ੍ਰੈਲ ੧੬੯੩ ਸ਼ਹੀਦੀ ੪ ਦਸੰਬਰ ੧੭੦੪	"ਪੋਤਰੇ" ਭਾਈ ਪਿਆਰਾ ਸਿੰਘ ਜੀ ਭਾਈ ਦਿਲੇਰ ਸਿੰਘ ਜੀ ਭਾਈ ਸ਼ੇਰ ਸਿੰਘ ਜੀ	"ਸ਼ਹੀਦੀ ਚਮਕੌਰ ਸਾਹਿਬ" ੬ ਦਸੰਬਰ ੧੭੦੪ ੮ ਪੋਹ ਸੰਮਤ ੧੭੬੧ "ਕੁੱਲ ਉਮਰ" ੪੦ ਸਾਲ ੬ ਮਹੀਨੇ ੧੯ ਦਿਨ

ਪਿਆਰਿਆਂ ਦੇ ਨਾਮ	ਪਿਤਾ ਜੀ ਮਾਤਾ ਜੀ ਦਾਦੇ ਪੜਦਾਦੇ ਦਾ ਨਾਮ	ਜਨਮ ਅਸਥਾਨ ਸੰਮਤ	ਸੁਪਤਨੀ ਅਤੇ ਵਿਆਹ ਤਰੀਕ	ਸੰਤਾਨ	ਪਿਆਰਿਆਂ ਦੇ ਪੋਤਰੇ ਪੜਪੋਤੇ	ਦੇਹਾਂਤ ਸ਼ਹੀਦੀ ਕੁਲ ਉਮਰ
ਪਿਆਰੇ ਭਾਈ ਮੋਹਕਮ ਸਿੰਘ ਜੀ	ਪਿਤਾ ਜਗਜੀਵਨ ਸਿੰਘ ਜਨਮ ੧੩-੧-੧੬੫੭ ਅੰਮ੍ਰਿਤਪਾਨ ੧੬੯੯ ਦੇਹਾਂਤ ੧੯-੮-੧੭੨੭ ਕੁਲ ਉਮਰ ੭੦ ਸਾਲ ੭ ਮਹੀਨੇ ੬ ਦਿਨ ਮਾਤਾ ਸੰਭਾਲ ਕੌਰ ਜਨਮ ੧੨-੨-੧੬੫੯ ਦੇਹਾਂਤ ੧੮-੮-੧੭੦੫ "ਵੱਡੇ ਪੁਰਖ" ਭਾਈ ਸੱਜਣ ਜੀ ਭਾਈ ਲੱਭਾ ਜੀ,	ਸ੍ਰੀ ਦੁਆਰਕਾ, ਬੁੜੀਆ "ਗੁਜਰਾਤ" ੫ ਚੇਤਰ ਸੰਮਤ ੧੭੩੬ ੭ ਮਾਰਚ ੧੬੭੯	ਬੀਬੀ ਸੁਖਦੇਵ ਕੌਰ ਜੀ ਜਨਮ ੧੩ ਮਈ ੧੬੮੧ ਵਿਆਹ ੫ ਨਵੰਬਰ ੧੬੯੭ ਦੇਹਾਂਤ ੧੭ ਜੁਲਾਈ ੧੭੪੧ ਕੁੱਲ ਉਮਰ ੬੦ ਸਾਲ ੨ ਮਹੀਨੇ ੪ ਦਿਨ	੧ ਭਾਈ ਸੁੰਦਰ ਸਿੰਘ ਜਨਮ ੫ ਜਨਵਰੀ ੧੬੯੯ ਸ਼ਹੀਦੀ ੧੬ ਦਸੰਬਰ ੧੭੦੪ ੨. ਭਾਈ ਹੀਰਾ ਸਿੰਘ ਜਨਮ ੯ ਮਾਰਚ ੧੭੦੦ ਦੇਹਾਂਤ ੨੨ ਜੂਨ ੧੭੭੨ ੩. ਬੀਬੀ ਰਤਨਾਗਰ ਕੌਰ ਜਨਮ ੨੬ ਦਸੰਬਰ ੧੭੦੨	"ਪੋਤਰੇ" ਭਾਈ ਤੀਰਥ ਸਿੰਘ ਜੀ ਭਾਈ ਮੰਗਤ ਸਿੰਘ ਭਾਈ ਮਹਿਲ ਸਿੰਘ ਨੋਟ:- ਭਾਈ ਹੀਰਾ ਸਿੰਘ ਜੀ ਦੀ ਵੰਸ਼ ਵਿੱਚ ਕਵੀਰਾਜ ਭਾਈ ਸੰਤੋਖ ਸਿੰਘ, ਚੂੜਾਮਣੀ ਗੁਰਪ੍ਰਤਾਪ ਦੀ ਰਚਨਾ ਕੀਤੀ ਹੈ।	"ਸ਼ਹੀਦੀ ਚਮਕੌਰ ਸਾਹਿਬ" ੬ ਦਸੰਬਰ ੧੭੦੪ ੮ ਪੋਹ ਸੰਮਤ ੧੭੬੧ "ਕੁੱਲ ਉਮਰ" ੨੫ ਸਾਲ ੯ ਮਹੀਨੇ ੧ ਦਿਨ
ਪਿਆਰੇ ਭਾਈ ਸਾਹਿਬ ਸਿੰਘ ਜੀ	ਪਿਤਾ ਗੁਰਨਰਾਇਣ ਸਿੰਘ ਜਨਮ ੧੬੫੫ ਅੰਮ੍ਰਿਤਪਾਨ ੧੬੯੯ ਦੇਹਾਂਤ ੫-੯-੧੭੨੫ ਕੁੱਲ ਉਮਰ ੭੦ ਸਾਲ ਮਾਤਾ ਅਨਕੰਪਾ ਕੌਰ ਜਨਮ ੧੬੫੮ ਅੰਮ੍ਰਿਤਪਾਨ ੧੬੯੯ ਦਾਦਾ ਸ੍ਰੀ ਰਈਆ ਦੱਤ ਨਾਈ ਦਾਦੀ ਤੁਲਸੀ ਦੇਵੀ ਜੀ	ਬਿਦਰ ਨਾਨਕ, ਝੀਰਾ ਦੱਖਣ "ਕਰਨਾਟਕਾ" ੫ ਮੱਘਰ ਸੰਮਤ ੧੭੩੨ ੩ ਨਵੰਬਰ ੧੬੭੫	ਬੀਬੀ ਨਿਰੰਜਨ ਕੌਰ ਜੀ ਜਨਮ ੨੨ ਜਨਵਰੀ ੧੬੭੭ ਵਿਆਹ ੯ ਫਰਵਰੀ ੧੬੯੩ ਅੰਮ੍ਰਿਤਪਾਨ ੧੬੯੯ ਸ਼ਹੀਦੀ ੨੯ ਮਾਰਚ ੧੭੦੪ ਕੁੱਲ ਉਮਰ ੨੭ ਸਾਲ ੨ ਮਹੀਨੇ ੭ ਦਿਨ	੧ ਭਾਈ ਗੁਰਦਿਆ ਸਿੰਘ ਜਨਮ ੩ ਜੁਲਾਈ ੧੬੯੬ ਦੇਹਾਂਤ ੧੩ ਦਸੰਬਰ ੧੭੬੨ ਕੁੱਲ ਉਮਰ ੬੬ ਸਾਲ ੬ ਮਹੀਨੇ ੬ ਦਿਨ ੨. ਭਾਈ ਗੁਰਲਾਲ ਸਿੰਘ ਜਨਮ ੨੫ ਫਰਵਰੀ ੧੬੯੮ ਸ਼ਹੀਦੀ ੨੭ ਮਈ ੧੭੩੦ ਕੁੱਲ ਉਮਰ ੩੨ ਸਾਲ ੩ ਮਹੀਨੇ ੨ ਦਿਨ ੩. ਬੀਬੀ ਗੁਰਨੈਨ ਕੌਰ ਜਨਮ ੨੫ ਜਨਵਰੀ ੧੭੦੧ ਸ਼ਹੀਦੀ ੨੯ ਮਾਰਚ ੧੭੦੪ ਕੁੱਲ ਉਮਰ ੩ ਸਾਲ ੩ ਮਹੀਨੇ ੪ ਦਿਨ	"ਪੋਤਰੇ" ਭਾਈ ਰੰਗ ਸਿੰਘ ਜੀ ਭਾਈ ਆਤਮਾ ਸਿੰਘ ਜੀ ਭਾਈ ਸਰਵਨ ਸਿੰਘ ਜੀ "ਪੜਪੋਤਰੇ" ਭਾਈ ਮੱਘਰ ਸਿੰਘ ਜੀ ਭਾਈ ਬੁੱਧ ਸਿੰਘ ਜੀ ਭਾਈ ਚੇਤ ਸਿੰਘ ਜੀ ਭਾਈ ਸਾਧੂ ਸਿੰਘ ਜੀ	"ਸ਼ਹੀਦੀ ਚਮਕੌਰ ਸਾਹਿਬ" ੬ ਦਸੰਬਰ ੧੭੦੪ ੮ ਪੋਹ ਸੰਮਤ ੧੭੬੧ "ਕੁੱਲ ਉਮਰ" ੨੯ ਸਾਲ ੧ ਮਹੀਨਾ ੩ ਦਿਨ

ਚਾਰ ਸਾਹਿਬਜ਼ਾਦਿਆਂ ਦਾ ਸੰਖੇਪ ਜੀਵਨ ਬਿਉਰਾ

ਸਾਹਿਬਜ਼ਾਦਿਆਂ ਦੇ ਨਾਮ	ਪਿਤਾ ਜੀ ਮਾਤਾ ਜੀ ਦਾ ਨਾਮ	ਜਨਮ ਅਸਥਾਨ ਸੰਮਤ	ਸ਼ਹੀਦੀ
ਬਾਬਾ ਅਜੀਤ ਸਿੰਘ ਜੀ	ਪਿਤਾ ਗੁਰੂ ਗੋਬਿੰਦ ਸਿੰਘ ਜੀ ਮਾਤਾ ਸੁੰਦਰੀ ਜੀ	ਪਾਉਂਟਾ ਸਾਹਿਬ ੨੯ ਮਾਘ ਸੰਮਤ ੧੭੪੩	"ਸ਼ਹੀਦੀ" ੧੭ ਮਾਘ ਸੰਮਤ ੧੭੬੨ ਚਮਕੌਰ ਸਾਹਿਬ
ਬਾਬਾ ਜੁਝਾਰ ਸਿੰਘ ਜੀ	ਪਿਤਾ ਗੁਰੂ ਗੋਬਿੰਦ ਸਿੰਘ ਜੀ ਮਾਤਾ ਜੀਤੋ ਜੀ	ਅਨੰਦਪੁਰ ਸਾਹਿਬ ਚੇਤ ਵਦੀ ਦਸਮੀ ਸੰਮਤ ੧੭੪੭	"ਸ਼ਹੀਦੀ" ੧੭ ਮਾਘ ਸੰਮਤ ੧੭੬੨ ਚਮਕੌਰ ਸਾਹਿਬ
ਬਾਬਾ ਜ਼ੋਰਾਵਰ ਸਿੰਘ ਜੀ	ਪਿਤਾ ਗੁਰੂ ਗੋਬਿੰਦ ਸਿੰਘ ਜੀ ਮਾਤਾ ਜੀਤੋ ਜੀ	ਅਨੰਦਪੁਰ ਸਾਹਿਬ ਮਾਘ ਸੁਦੀ ੩ ਸੰਮਤ ੧੭੫੩	"ਸ਼ਹੀਦੀ" ੩ ਪੋਹ ਸੰਮਤ ੧੭੬੨ ਸਰਹੰਦ
ਬਾਬਾ ਫ਼ਤਹਿ ਸਿੰਘ ਜੀ	ਪਿਤਾ ਗੁਰੂ ਗੋਬਿੰਦ ਸਿੰਘ ਜੀ ਮਾਤਾ ਜੀਤੋ ਜੀ	ਅਨੰਦਪੁਰ ਸਾਹਿਬ ਫੱਗਣ ਸੁਦੀ ਇਕਾਦਸੀ ਸੰਮਤ ੧੭੫੫	"ਸ਼ਹੀਦੀ" ੩ ਪੋਹ ਸੰਮਤ ੧੭੬੨ ਸਰਹੰਦ

ਭਗਤ ਸਾਹਿਬਾਨ ਦਾ ਸੰਖੇਪ ਜੀਵਨ ਬਿਉਰਾ

ਭਗਤ ਸਾਹਿਬਾਨ ਦੇ ਨਾਮ ਤੇ ਜ਼ਾਤ	ਪਿਤਾ ਮਾਤਾ/ਦਾਦਾ ਦਾਦੀ ਦੇ ਨਾਮ	ਜਨਮ ਤਰੀਕ ਤੇ ਅਸਥਾਨ	ਸੁਪਤਨੀ ਤੇ ਭਗਤਨੀ (ਸੇਵਕਣੀ)	ਸੰਤਾਨ ਤੇ ਸੇਵਕ	ਅਕਾਲ ਚਲਾਣਾ ਅਤੇ ਅਸਥਾਨ
ਭਗਤ ਸ਼ੇਖ ਫਰੀਦ ਜੀ (ਫਰੀਂਦੁਦੀਨ-ਮਸਊਦ) ਜ਼ਾਤ ਸ਼ੇਖ-ਮੁਸਲਮਾਨ ਪ੍ਰਸਿੱਧ ਨਾਮ, ਹਜ਼ਰਤ ਸ਼ੇਖ ਫਰੀਦੁੱਦੀਨ ਮਸਊਦ ਗੰਜ-ਇ-ਸੱਕਰ	ਦਾਦਾ ਸ਼ੇਖ ਸ਼ਈਬ ਦਾਦੀ ਜੁਲਫਾ ਬੇਗਮ ਪਿਤਾ- ਜਨਾਲੁੱਦੀਨ ਸੁਲੇਮਾਨ ਜਨਮ ੧੧੫੦ ਦੇਹਾਂਤ ੧੨੨੦ ਮਾਤਾ ਮਰੀਅਮ ਜੀ ਜਨਮ ੧੧੫੩ ਦੇਹਾਂਤ ੧੨੧੯	੫-੦੪-੧੧੭੩ ਰਮਜਾਨ ਦੀ ਪਹਿਲੀ ਪਾਕਪਟਨ ਸ਼ਹਿਰ ਪਾਕਿਸਤਾਨ- ਅੱਜ ਕੱਲ "ਅਜੋਧਨ" ਕੋਠੀਵਾਲ (ਚਾਵਲੀ ਮਸ਼ਯਖ)	ਬੀਬੀ ਹਜ਼ਬਰਾ ਜੀ ਵਿਆਹ ੧੦-੮-੧੧੯੩ ਪਿਤਾ ਨਾਸਿਰੁੱਦੀਨ ਮਹਿਮੂਦ ਮਾਤਾ ਨਸੀਰ ਅਖਤਰ	੧ ਖਵਾਜਾ ਨਸੀਰੁੱਦੀਨ ੨ ਸੁਹਾਬੁੱਦੀਨ ੩ ਬਦਰੁੱਦੀਨ ੪ ਸੁਲੇਮਾਨ ਦੀਨ ੫ ਨਿਜ਼ਾਮੁਦੀਨ ਸਪੁੱਤਰੀ ੧ ਬੀਬੀ ਮਸਤੂਰ ੨ ਬੀਬੀ ਸ਼ਰੀਫ਼ਾ ੩ ਬੀਬੀ ਫ਼ਾਤਮਾ	੧੦-੧੦-੧੨੬੬ ਕੁਲ ਉਮਰ - ੯੩ ਸਾਲ ਪਾਕ ਪਟਨ ਪਾਕਿਸਤਾਨ ੫ ਤਰੀਕ ਸੀ ਮੁੱਹਰਮ ਮਹੀਨੇ ਦੀ ਹਿਜਰੀ ਸੰਮਤ ੬੬੪
ਭਗਤ ਸ੍ਰੀ ਜੈਦੇਵ ਜੀ ਜ਼ਾਤ ਬ੍ਰਾਹਮਣ	ਪਿਤਾ- ਸ੍ਰੀ ਭੋਜ ਦੇਵ ਜੀ ਜਨਮ ੧੧੫੨ ਦੇਹਾਂਤ ੧੨੨੨ ਮਾਤਾ ਰਾਮਾ ਦੇਵੀ ਜੀ ਜਨਮ ੧੧੫੪ ਦੇਹਾਂਤ ੧੨੧੬	੨੮-੦੪-੧੧੭੫ ਪਿੰਡ ਕੇਂਦੂਰੀ ਜਿਲ੍ਹਾ ਬੀਰ ਭੂਮਿ ਪੱਛਮੀ, ਬੰਗਾਲ	ਸ੍ਰੀਮਤੀ ਪਦਮਾਵਤੀ ਜੀ ੧੧੭੫ ਜਨਮ ੧੨੫੭ ਦੇਹਾਂਤ ਕੁਲ ਉਮਰ ੮੨ ਸਾਲ ਦੇ ਪਿਤਾ ਜੀ ਸ੍ਰੀ ਅਗਨੀਹੋਤਰੀ ਜੀ ਮਾਤਾ ਦਰੋਣਾ ਬਾਈ ਜੀ	੧ ਸ੍ਰੀ ਰਿਗੁ ਦੇਵ ਜੀ ੨ ਸ੍ਰੀ ਪ੍ਰਕਾਸ਼ ਦੇਵ ਜੀ	੭੭-੦੭-੧੨੫੭ ਕੁਲ ਉਮਰ - ੮੨ ਸਾਲ ਪਿੰਡ ਕੇਂਦਰੀ ਬੰਗਾਲ
ਭਗਤ ਸ੍ਰੀ ਸਧਨਾ ਜੀ ਜ਼ਾਤ ਹਿੰਦੂ	ਪਿਤਾ- ਸ੍ਰੀ ਨਰਾਇਣ ਜੀ ਜਨਮ ੧੧੫੮ ਦੇਹਾਂਤ ੧੨੧੩ ਮਾਤਾ ਲਛਮੀ ਬਾਈ ਜਨਮ ੧੧੬੦ ਦੇਹਾਂਤ ੧੨੨੦	੨੦-੦੭-੧੧੮੦ ਸੇਹਵਾਨ ਸਿੰਧ ਹੁਣ, ਪਾਕਿਸਤਾਨ	ਆਪ ਜੀ ਦੀ ਭਗਤਨੀ ਸੀ ਸ੍ਰੀ ਸ਼ਾਲਣੀ ਜੀ ਇਹਨਾਂ ਦੇ ਪਤੀ ਦਾ ਨਾਮ ਵਿਸ਼ਾਲ ਜੀ	੧ ਸ੍ਰੀ ਮਲਹਾਰ ਦੇਵ ਜੀ	੨੮-੦੯-੧੨੭੦ ਕੁਲ ਉਮਰ - ੯੦ ਸਾਲ ਅੰਤਮ ਸਮਾਂ ਸਰਹਿੰਦ (ਫਤਹਿਗੜ੍ਹ ਸਾਹਿਬ)
ਭਗਤ ਸ੍ਰੀ ਤ੍ਰਿਲੋਚਨ ਜੀ ਜ਼ਾਤ ਬ੍ਰਾਹਮਣ ਚੰਦਰ ਮਣੀ	ਪਿਤਾ- ਸ੍ਰੀ ਸਾਜਨ ਜੀ ਜਨਮ ੧੧੪੬ ਦੇਹਾਂਤ ੧੩੦੮ ਮਾਤਾ ਨਿਰਮਾਣੀ ਜੀ ਜਨਮ ੧੨੪੭ ਦੇਹਾਂਤ ੧੩੧੫	੦੭-੦੧-੧੨੬੮ ਪਿੰਡ ਬਾਰਸੀ ਜਿਲ੍ਹਾ ਸੋਲਾਪੁਰ (ਮਹਾਂਰਾਸ਼ਟਰ)	ਸ੍ਰੀਮਤੀ ਕਮਲਾ ਜੀ ਜਨਮ ੧੨੭੭ ਦੇਹਾਂਤ ੧੩੫੮ ਪਿਤਾ ਤਰਨ ਵੀਰ ਜੀ ਮਾਤਾ ਤਰਾਵੜੀ ਜੀ	੧ ਸ੍ਰੀ ਰਾਮਈਆ ਜੀ ੨. ਸ੍ਰੀ ਪੀਤੰਬਰ ਜੀ ੩. ਸ੍ਰੀ ਨਾਰਾਇਣ ਜੀ	੨੨-੦੮-੧੩੫੮ ਕੁਲ ਉਮਰ - ੯੦ ਸਾਲ ੩੦ ਸਾਲ ਬਨਾਰਸ ਕਾਸ਼ੀ ਬਾਕੀ ਸਮਾਂ ਪੁੰਡਰਪੁਰ (ਮਹਾਂਰਾਸ਼ਟਰ)
ਭਗਤ ਸ੍ਰੀ ਨਾਮ ਦੇਵ ਜੀ ਜ਼ਾਤ ਛੀਪਾ (ਛੀਂਬਾ)	ਪਿਤਾ- ਸ੍ਰੀ ਦਾਮ ਸ਼ੇਟ ਜਨਮ ੧੨੫੦ ਦੇਹਾਂਤ ੧੩੧੬ ਮਾਤਾ ਗੋਨਾਬਾਈ ਜਨਮ ੧੨੫੨ ਦੇਹਾਂਤ ੧੩੨੨	੨੬-੧੦-੧੨੭੦ ਨਰਸੀ ਨਾਮਦੇਵ (ਨਰਸੀ ਬਾਹਮਣੀ) ਕਿਆਦੂ ਨਦੀ ਕਿਨਾਰੇ ਜਿਲ੍ਹਾ ਹਿੰਗੋਲੀ (ਮਹਾਂਰਾਸ਼ਟਰ)	ਸ੍ਰੀਮਤੀ ਰਾਜਾ ਬਾਈ ਜਨਮ ੧੨੭੩ ਦੇਹਾਂਤ ੧੩੫੧ ਪਿਤਾ ਸ੍ਰੀ ਗੋਬਿੰਦ ਸ਼ੇਟ ਮਾਤਾ ਦੇਵਕੀ ਬਾਈ ਭਗਤਨੀ ਜਨਾ ਬਾਈ	੧. ਸ੍ਰੀ ਨਰਾਇਣ ਜੀ ੨. ਸ੍ਰੀ ਮਹਾਂਦੇਵ ਜੀ ੩. ਸ੍ਰੀ ਗੋਬਿੰਦ ਦਾਸ ਜੀ ੪. ਸ੍ਰੀ ਬਿਠਲ ਦਾਸ ਜੀ ਸਪੁੱਤਰੀ ੧. ਲਿੰਬਾ ਬਾਈ ਜੀ	੧੫-੦੧-੧੩੫੦ ਕੁਲ ਉਮਰ - ੮੦ ਸਾਲ ਪਿੰਡ ਘੁਮਾਣ, ਜਿਲ੍ਹਾ ਗੁਰਦਾਸਪੁਰ (ਪੰਜਾਬ) ਪੁੰਡਰਪੁਰ (ਮਹਾਂਰਾਸ਼ਟਰ)
ਭਗਤ ਸ੍ਰੀ ਰਾਮਾਨੰਦ ਜੀ ਜ਼ਾਤ ਪੰਡਤ/ਬ੍ਰਾਹਮਣ	ਪਿਤਾ- ਸ੍ਰੀ ਕਾਨਯਕੁਬਜ ਜੀ ਜਨਮ ੧੩੪੪ ਦੇਹਾਂਤ ੧੪੨੪ ਮਾਤਾ ਸੁਸ਼ੀਲਤਾ ਜੀ ਜਨਮ ੧੩੪੬ ਦੇਹਾਂਤ ੧੪੧੬	੧੫-੦੮-੧੩੬੬ ਪ੍ਰਯਾਗ ਰਾਜ (ਅਲਾਹਾਬਾਦ)	ਸ੍ਰੀਮਤੀ ਦੇਵਕੀ ਬਾਈ ੧੩੭੦ ਜਨਮ ੧੪੫੫ ਦੇਹਾਂਤ ਕੁਲ ਉਮਰ ੮੫ ਸਾਲ ਪਿਤਾ ਸ੍ਰੀ ਗਣਦੇਵ ਜੀ ਮਾਤਾ ਅਵਰਾਜ ਜੀ	੧ ਪੰਡਤ ਕ੍ਰਿਪਾ ਨੰਦ ਜੀ ੨ ਪੰਡਤ ਦੇਵਾ ਨੰਦ ਜੀ ੩ ਪੰਡਤ ਕਬੀਰ ਨੰਦ ਜੀ	੨੦-੧੨-੧੪੬੭ ਕੁਲ ਉਮਰ -੧੦੧ ਸਾਲ ਅੰਤਮ ਸਮਾਂ ਕਾਂਸੀ ਬਨਾਰਸ (ਵਾਰਨਸੀ)
ਭਗਤ ਸ੍ਰੀ ਸੈਣ ਜੀ ਜ਼ਾਤ ਨਾਈ ਰਾਜੇ	ਪਿਤਾ- ਸ੍ਰੀ ਮੁਕੰਦ ਰਾਏ ਜੀ ਜਨਮ ੧੩੬੫ ਦੇਹਾਂਤ ੧੪੩੦ ਮਾਤਾ ਜੀਵਨੀ ਜੀ ਜਨਮ ੧੩੭੦ ਦੇਹਾਂਤ ੧੪੩੫	੦੫-੦੩-੧੩੯੦ ਬਾਂਧਵਗੜ੍ਹ ਰੀਵਾ (ਮੱਧ-ਪ੍ਰਦੇਸ਼)	ਸ੍ਰੀ ਸੁਲੱਖਣੀ ਜੀ ਜਨਮ ੧੩੯੫ ਦੇਹਾਂਤ ੧੪੪੦ ਪਿਤਾ ਸ੍ਰੀ ਜਲਖੜ ਜੀ ਮਾਤਾ ਪਲਕ ਦੇਈ ਜੀ	੧ ਸ੍ਰੀ ਗੇਹਣਾ ਜੀ ੨. ਸ੍ਰੀ ਗੈਹਣਾ ਜੀ	੨੬-੦੯-੧੪੭੫ ਕੁਲ ਉਮਰ - ੮੫ ਸਾਲ ਆਪ ਜੀ ੩੦ ਸਾਲ ਬਨਾਰਸ ਕਾਂਸੀ ਰਹੇ ਅੰਤ ਸਮੇਂ ਨਗਰ ਰੀਵਾ ਵਿੱਚ ਹੀ ਅਕਾਲ ਚਲਾਣਾ ਹੋਇਆ।
ਭਗਤ ਸ੍ਰੀ ਕਬੀਰ ਜੀ ਜ਼ਾਤ ਜੁਲਾਹਾ-ਮੁਸਲਮਾਨ	ਪਿਤਾ- ਸ੍ਰੀ ਨੀਰੂ ਜੀ ਜਨਮ ੧੩੭੩ ਦੇਹਾਂਤ ੧੪੫੫ ਮਾਤਾ ਨੀਮਾ ਜੀ ਜਨਮ ੧੩੭੫ ਦੇਹਾਂਤ ੧੪੫੧	੧੩-੦੬-੧੩੯੮ ਬਨਾਰਸ ਕਾਂਸੀ ਵਾਰਾਨਸੀ, ਯੂ.ਪੀ.	ਸ੍ਰੀਮਤੀ ਲੋਈ ਜੀ ਜਨਮ ੧੪੦੩ ਦੇਹਾਂਤ ੧੪੯੩	ਭਾਈ ਕਮਾਲਾ ਜੀ ਸਪੁੱਤਰੀ ਬੀਬੀ ਕਮਾਲੀ ਜੀ	੧੨-੧੦-੧੫੦੩ ਕੁਲ ਉਮਰ - ੧੦੫ ਸਾਲ ਮਗਹਰ ਜਿਲ੍ਹਾ ਸੰਤ ਕਬੀਰ ਨਗਰ (ਨੇੜੇ ਗੋਰਖਪੁਰ ਯੂ.ਪੀ.)
ਭਗਤ ਸ੍ਰੀ ਰਵਿਦਾਸ ਜੀ ਜ਼ਾਤ ਚਮਾਰ	ਪਿਤਾ- ਸ੍ਰੀ ਰਘੂ ਜੀ ਜਨਮ ੧੩੭੬ ਦੇਹਾਂਤ ੧੪੬੧ ਮਾਤਾ ਘੁਰਬਿਨਿਆ ਜੀ ਜਨਮ ੧੩੭੮ ਦੇਹਾਂਤ ੧੪੩੩	੦੭-੦੨-੧੩੯੯ ਨਗਰ ਬਾਂਢਾਲਾ (ਮੰਡੂਆ) ਬਨਾਰਸ ਕਾਂਸੀ ਯੂ.ਪੀ	ਸ੍ਰੀਮਤੀ ਭਾਗਵੰਤੀ ਜੀ ਜਨਮ ੧੪੦੩ ਦੇਹਾਂਤ ੧੪੯੩ ਪਿਤਾ ਸ੍ਰੀ ਤਰੰਗ ਜੀ ਮਾਤਾ ਅਨਲ ਜੀ	੧. ਸ੍ਰੀ ਵਿਜੈ ਦਾਸ ਜੀ ੨. ਸ੍ਰੀ ਅਜੈ ਦਾਸ ਜੀ ਸਪੁੱਤਰੀ ੧. ਬੀਬੀ ਨਿਰਖੀ ਜੀ	੧੨-੦੫-੧੫੦੯ ਕੁਲ ਉਮਰ- ੧੧੦ ਸਾਲ ਅੰਤਮ ਸਮਾਂ ਨਗਰ ਬਾਂਢਾਲਾ (ਮੰਡੂਆ)
ਭਗਤ ਸ੍ਰੀ ਧੰਨਾ ਜੀ ਜ਼ਾਤ ਜੱਟ	ਪਿਤਾ- ਸ੍ਰੀ ਭੋਲਾ ਜੀ ਜਨਮ ੧੪੦੦ ਦੇਹਾਂਤ ੧੪੪੦ ਮਾਤਾ ਧੰਨੋ ਜੀ ਜਨਮ ੧੪੦੫ ਦੇਹਾਂਤ ੧੪੬੫	੨੦-੦੪-੧੪੨੫ ਪਿੰਡ ਧੁਆਨ ਰਾਜਸਥਾਨ-ਟਾਂਕ	ਸ੍ਰੀਮਤੀ ਸੁਭਾਗੀ ਜੀ ਜਨਮ ੧੪੨੭ ਦੇਹਾਂਤ ੧੪੮੭ ਪਿਤਾ ਸ੍ਰੀ ਸੁਧਾ ਜੀ ਮਾਤਾ ਪ੍ਰੇਮਾ ਜੀ	੧. ਸ੍ਰੀ ਦੇਵ ਜੀ ੨. ਸ੍ਰੀ ਤੀਆਰ ਜੀ ੩. ਸ੍ਰੀ ਤੇਜਾ ਜੀ ੪. ਸ੍ਰੀ ਤਖਤੋ ਜੀ ਸਪੁੱਤਰੀ ੧. ਬੀਬੀ ਮੰਗੀ ਜੀ	੧੫-੧੨-੧੫੦੨ ਕੁਲ ਉਮਰ- ੭੭ ਸਾਲ ਅੰਤਮ ਸਮਾਂ ਧੁਆਨ ਵਿੱਚ ਆਪ ਜੀ ੨੫ ਸਾਲ ਬਨਾਰਸ ਕਾਂਸੀ ਵਿੱਚ ਰਹੇ।
ਭਗਤ ਸ੍ਰੀ ਪੀਪਾ ਜੀ ਜ਼ਾਤ ਰਾਜਪੂਤ,ਰਾਜੇ	ਦਾਦਾ ਜੈਤਪਾਲ ਜੀ ਦਾਦੀ ਦੁਰਗਾ ਜੀ ਪਿਤਾ ਸ੍ਰੀ ਅਮਰਪਾਲ ਜੀ ਜਨਮ ੧੪੦੩ ਦੇਹਾਂਤ ੧੪੭੩ ਮਾਤਾ ਤਾਰਾ ਜੀ ਜਨਮ ੧੪੦੫ ਦੇਹਾਂਤ ੧੪੭੦	੧੮-੦੧-੧੪੨੬ ਨਗਰ ਗਗਰੌਨਗੜ੍ਹ, ਰਾਜਸਥਾਨ	ਸ੍ਰੀਮਤੀ ਸੀਤਾ ਜੀ ਜਨਮ ੧੪੩੦ ਦੇਹਾਂਤ ੧੫੧੦ ਪਿਤਾ ਸ੍ਰੀ ਥਾਰਾ ਚੰਦ ਜੀ ਮਾਤਾ ਬਾਰੀਦੇਵੀ ਜੀ	ਪੁੱਤਰ ਸ੍ਰੀ ਦੇਸਾ ਜੀ ਪੋਤਰਾ ਸ੍ਰੀ ਅਨੰਤ ਦਾਸ ਜੀ	੨੯-੦੬-੧੫੨੧ ਕੁਲ ਉਮਰ- ੭੭ ਸਾਲ ਨਗਰ ਟੋਡਾ-ਪੁਸ਼ਕਰ, ਰਾਜਸਥਾਨ

ਭਗਤ ਸ੍ਰੀ ਭੀਖਨ ਜੀ ਜ਼ਾਤ ਹਿੰਦੂ ਖੱਤਰੀ	ਪਿਤਾ- ਸ੍ਰੀ ਦਾਤਾਰ ਜੀ ਜਨਮ ੧੪੧੭ ਦੇਹਾਂਤ ੧੪੮੭ ਮਾਤਾ ਦੇਵਕੀ ਜੀ ਜਨਮ ੧੪੨੦ ਦੇਹਾਂਤ ੧੪੮੫	੧੫-੧੧-੧੪੪੦ ਜੋਨਪੁਰ ਗੋਮਤੀ ਨਦੀ ਕਿਨਾਰੇ (ਉੱਤਰ ਪ੍ਰਦੇਸ਼)	ਸ੍ਰੀਮਤੀ ਰੀਆ ਜੀ ੧੪੪੩ ਜਨਮ ੧੫੨੫ ਦੇਹਾਂਤ ਪਿਤਾ ਸ੍ਰੀ ਰਾਸਾਲ ਜੀ ਮਾਤਾ ਰਮਤਦੇਵੀ ਜੀ	੧ ਸ੍ਰੀ ਸੇਵਤ ਜੀ ੨. ਸ੍ਰੀ ਸੈਤੋਖ ਜੀ ੩. ਸ੍ਰੀ ਜੀਵਣ ਜੀ	੧੫-੦੩-੧੫੨੫ ਕੁਲ ਉਮਰ -੮੫ ਸਾਲ ਅੰਤਮ ਸਮੇਂ ਗੋਮਤੀ ਨਦੀ ਕਿਨਾਰੇ ਜੋਨਪੁਰ ਹੋਇਆ
ਭਗਤ ਸ੍ਰੀ ਬੇਣੀ ਜੀ ਜ਼ਾਤ ਬ੍ਰਾਹਮਣ,ਸੁਰਜਮਣੀ	ਪਿਤਾ- ਸ੍ਰੀ ਨਿਰਮਾਇਲ ਜੀ ਜਨਮ ੧੪੨੭ ਦੇਹਾਂਤ ੧੪੯੯ ਮਾਤਾ ਆਤਮ ਦੇਵੀ ਜੀ ਜਨਮ ੧੪੨੮ ਦੇਹਾਂਤ ੧੪੯੮	੨੨-੦੨-੧੪੫੦ ਨਗਰ ਗਗਨੰਤਰਿ ਗਯਾ ਜੀ ਬਿਹਾਰ	ਸ੍ਰੀ ਤਰੁਣ ਤੇਜ ਜੀ ਜਨਮ ੧੪੫੩ ਦੇਹਾਂਤ ੧੫੩੩ ਪਿਤਾ ਸ੍ਰੀ ਅਪਾਰ ਜੀ ਮਾਤਾ ਪਰਮ ਦੇਵੀ ਜੀ	੧ ਸ੍ਰੀ ਸੁਖਮਨ ਜੀ ੨. ਸ੍ਰੀ ਅਨੁਰਾਗ ਜੀ	੦੬-੧੧-੧੫੩੫ ਕੁਲ ਉਮਰ - ੮੫ ਸਾਲ ਅੰਤ ਸਮੇਂ ਗਗਨੰਤਰਿ ਪਟਨਾ ਸਾਹਿਬ ਬਿਹਾਰ ਵਿੱਚ ਰਹੇ
ਭਗਤ ਸ੍ਰੀ ਪਰਮਾਨੰਦ ਜੀ ਜ਼ਾਤ ਬ੍ਰਾਹਮਣ,ਕਨੌਜੀ	ਪਿਤਾ- ਸ੍ਰੀ ਵਿਸ਼ਵਾ ਨੰਦ ਜੀ ਜਨਮ ੧੪੬੦ ਦੇਹਾਂਤ ੧੫੦੫ ਮਾਤਾ ਬਾਰਸੀ ਦੇਵੀ ਜੀ ਜਨਮ ੧੪੬੩ ਦੇਹਾਂਤ ੧੫੩੩	੨੨-੦੫-੧੪੮੩ ਪਿੰਡ ਬਾਰਸੀ ਜਿਲ੍ਹਾ ਸੋਲਾਪੁਰ	ਭਗਤਨੀ ਸ੍ਰੀਮਤੀ ਨੰਦਨੀ ਦੇਵੀ ਜੀ ਜਨਮ ੧੪੯੩ ਦੇਹਾਂਤ ੧੫੮੧	"ਸੇਵਕ" ਸ੍ਰੀ ਪਰਮਾਰਥ ਜੀ ਸ੍ਰੀ ਜੰਪ ਨੰਦ ਜੀ	੨੫-੦੩-੧੫੮੧ ਕੁਲ ਉਮਰ - ੯੮ ਸਾਲ ਅੰਤਮ ਸਮੇਂ ਜੰਪ ਨੰਦ ਜੀ ਕੋਲ ਬਨਾਰਸ ਕਾਂਸੀ ਵਿੱਚ ਰਹੇ
ਭਗਤ ਸ੍ਰੀ ਸੂਰਦਾਸ ਜੀ ਜ਼ਾਤ ਬ੍ਰਾਹਮਣ	ਪਿਤਾ- ਸ੍ਰੀ ਮੰਗਲੂ ਮੋਹਣ ਜੀ ਜਨਮ ੧੪੬੦ ਦੇਹਾਂਤ ੧੫੩੦ ਮਾਤਾ ਮੋਹਣੀ ਜੀ ਜਨਮ ੧੪੬੫ ਦੇਹਾਂਤ ੧੫੩੩	੧੩-੦੨-੧੪੮੫ ਨਗਰ ਸੀਹੀ ਤਹਿ: ਬੱਲਭਗੜ੍ਹ, ਜਿਲ੍ਹਾ ਗੁੜਗਾਉਂ	ਭਗਤਨੀ ਸ੍ਰੀਮਤੀ ਭਗਤਨੀ ਜੀ ਪਿਤਾ ਸ੍ਰੀ ਸਾਹਲੂ ਜੀ ਮਾਤਾ ਸਰੂਪ ਦੇਵੀ ਜੀ	"ਸੇਵਕ" ਸ੍ਰੀ ਰੇਲੂ ਮਲ ਜੀ ਸ੍ਰੀ ਪਵਨ ਮਲ ਜੀ ਸ੍ਰੀ ਕਰਤਾਰ ਜੀ	੨੮-੦੫-੧੫੭੫ ਕੁਲ ਉਮਰ- ੯੦ ਸਾਲ ੫੦ ਸਾਲ ਤੱਕ ਸ੍ਰੀ ਕ੍ਰਿਸ਼ਨ ਭਗਤ ਰਹੇ ਬਾਕੀ ਦਾ ਸਮਾਂ ਬਨਾਰਸ ਵਿੱਚ ਨਿਰੰਕਾਰ ਨੂੰ ਜਪਿਆ

ਧੰਨਵਾਦ ਅਤੇ ਸਨਿਮ੍ਰ ਬੇਨਤੀ

ਦਾਸ ਸਭ ਤੋਂ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਅਤੇ ਸ੍ਰੀ ਮਿਸਲ ਸ਼ਹੀਦਾਂ ਤਰਨਾ ਦਲ ਦੇ ਸਾਰੇ ਮੁਖੀਆਂ ਅਤੇ ਆਪਣੇ ਵਿੱਦਿਆ ਗੁਰੂਆਂ ਅਤੇ ਉਨ੍ਹਾਂ ਵਿਦਵਾਨਾਂ ਸੱਜਣਾਂ ਦਾ ਧੰਨਵਾਦ ਕਰਨਾ ਚਾਹੁੰਦਾ ਹੈ ਜਿਨ੍ਹਾਂ ਤੋਂ ਦਾਸ ਨੂੰ ਇਸ ਹੱਥਲੀ ਪੁਸਤਕ ਲਿਖਣ ਦੀ ਪ੍ਰੇਰਨਾ ਅਤੇ ਉਤਸ਼ਾਹ ਮਿਲਿਆ ਅਤੇ ਜਿਨ੍ਹਾਂ ਦੀ ਕਿਰਪਾ ਅਤੇ ਸਹਿਯੋਗ ਦੇ ਨਾਲ ਇਹ ਪੁਸਤਕ ਨਿਰਵਿਘਨ ਸੰਪੂਰਨ ਹੋਈ ਹੈ। ਦਾਸ ਕੋਈ ਵਿਦਵਾਨ (ਜਾਂ) ਲੇਖਕ ਨਹੀਂ ਹੈ। ਇਹ ਪੁਸਤਕ ਲਿਖਣੀ ਅਤੇ ਇਸ ਦਾ ਸੰਪੂਰਨ ਹੋਣਾ ਇਹ ਸਾਰੀ ਅਕਾਲ ਪੁਰਖ ਦੀ ਕਿਰਪਾ ਬਖ਼ਸ਼ਿਸ਼ ਹੈ, ਜੋ ਅਕਾਲ ਪੁਰਖ ਜੀ, ਵਿੱਦਿਆ ਗੁਰੂ ਜਨਾਂ ਅਤੇ ਵਿਦਵਾਨ ਸੱਜਣਾਂ ਦੇ ਹਿਰਦੇ ਵਿਚ ਵਸੇ ਅਤੇ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਪੂਰਨ ਹੋਈ ਹੈ।

ਯਥਾ - ਜਿਸ ਕਾ ਕਾਰਜੁ ਤਿਨ ਹੀ ਕੀਆ; ਮਾਣਸੁ ਕਿਆ ਵੇਚਾਰਾ ਰਾਮ ॥

(ਅੰਗ ੭੮੪)

ਦਾਸ ਗਿ: ਮਹਿਤਾਬ ਸਿੰਘ ਭੰਬੋਈ, ਸੰਤ ਦਰਸ਼ਨ ਸਿੰਘ ਜੀ ਸ਼ਾਸਤ੍ਰੀ, ਸੰਤ ਜਸਵਿੰਦਰ ਸਿੰਘ ਜੀ ਸ਼ਾਸਤ੍ਰੀ, ਗਿ: ਜਸਵੀਰ ਸਿੰਘ ਕੋਹਾਲਾ, ਗਿ: ਗੁਰਜੰਟ ਸਿੰਘ ਪਟਿਆਲਾ, ਡਾ: ਦਿਲਵਰ ਸਿੰਘ, ਡਾ. ਜੋਗਾ ਸਿੰਘ ਭਾਸ਼ਾ ਵਿਗਿਆਨੀ ਆਦਿਕ ਵਿਦਵਾਨ ਸੱਜਣਾਂ ਦਾ ਧੰਨਵਾਦੀ ਹੈ ਜਿਨ੍ਹਾਂ ਦੇ ਇਸ ਪੁਸਤਕ ਲਿਖਣ ਲਈ ਸਹਿਯੋਗ ਦਿੱਤਾ ਅਤੇ ਮਾਧੋ ਮਾਸਟਰ ਫ਼ਰਮ ਅਤੇ ਪ੍ਰਿੰਟਵੈੱਲ ਫ਼ਰਮ ਦਾ ਧੰਨਵਾਦ ਹੈ ਜਿੰਨ੍ਹਾਂ ਨੇ ਇਸ ਪੁਸਤਕ ਦੀ ਟਾਇਪਿੰਗ ਅਤੇ ਛਪਾਉਣ ਦੀ ਸੇਵਾ ਕੀਤੀ।

ਸੋ ਦਾਸ ਗੁਰੂ ਨਾਨਕ ਨਾਮ ਲੇਵਾ ਸਮੁੱਚੇ ਪੰਥ ਦੇ ਚਰਨਾਂ ਵਿਚ ਬੇਨਤੀ ਕਰਦਾ ਹੈ ਕਿ ਕੋਈ ਵੀ, ਭਾਵੇਂ ਕਿੱਡਾ ਵੀ ਵੱਡਾ ਵਿਦਵਾਨ ਹੋਵੇ ਉਹ ਇਸ ਗੱਲ ਦਾ ਮਾਣ ਨਹੀਂ ਕਰ ਸਕਦਾ ਕਿ ਮੈਂ ਗੁਰੂ ਕੀ ਬਾਣੀ ਦੇ ਉੱਚਾਰਣ ਬਿਲਕੁਲ ਠੀਕ ਲਿਖੇ ਹਨ। ਜਿਵੇਂ ਪੰਛੀ ਅਕਾਸ਼ ਵਿਚ ਉੱਚੀ ਤੋਂ ਉੱਚੀ ਉਡਾਰੀ ਮਾਰ ਕੇ ਅਨੰਦ ਤਾਂ ਮਾਣ ਸਕਦਾ ਹੈ ਪਰ ਅਕਾਸ਼ ਦਾ ਅੰਤ ਨਹੀਂ ਪਾ ਸਕਦਾ। ਜਿਵੇਂ ਮੱਛੀ ਸਮੁੰਦਰ ਦਾ ਅੰਤ ਨਹੀਂ ਪਾ ਸਕਦੀ। ਇੰਜ ਹੀ ਦਾਸ ਵੀ ਤੁੱਛ ਬੁੱਧੀ ਵਾਲਾ ਗੁਰਬਾਣੀ ਉੱਚਾਰਣ ਦੇ ਸੰਪੂਰਨ ਗੁੱਝੇ ਭੇਦਾਂ ਨੂੰ ਸਮਝ ਨਹੀਂ ਸਕਦਾ। ਇਹ ਤੇ ਸਤਿਗੁਰਾਂ ਦੀ ਬਖਸ਼ਿਸ਼ ਅਤੇ ਤਰਸ ਹੀ ਹੈ।

ਯਥਾ - ਹਉ ਮੂਰਖ ਕਾਰੇ ਲਾਈਆ; ਨਾਨਕ ਹਰਿ ਕੰਮੇ ॥
ਹਉ ਢਾਢੀ ਵੇਕਾਰ; ਕਾਰੇ ਲਾਇਆ ॥

ਸੋ ਦਾਸ ਦੀ ਬੁੱਧੀ ਤੁੱਛ ਹੋਣ ਕਰਕੇ ਇਸ ਪੁਸਤਕ ਵਿਚ ਬਹੁਤ ਸਾਰੀਆਂ ਤਰੁੱਟੀਆਂ ਰਹਿਣੀਆਂ ਸੁਭਾਵਕ ਹੀ ਹਨ। ਆਪ ਗੁਰੂ ਨਾਨਕ ਨਾਮ ਲੇਵਾ ਸਾਧ ਸੰਗਤ ਬਖ਼ਸ਼ਣ ਯੋਗ ਹੋ, ਕਿਰਪਾ ਕਰਕੇ ਬਖ਼ਸ਼ ਲੈਣਾ।

ਯਥਾ - ਲੇਖੈ ਕਤਹਿ ਨ ਛੂਟੀਐ; ਖਿਨੁ ਖਿਨੁ ਭੂਲਨਹਾਰਿ ॥
ਬਖਸਨਹਾਰ ਬਖਸਿ ਲੈ; ਨਾਨਕ ਪਾਰਿ ਉਤਾਰ ॥

(ਅੰਗ ੨੬੧)


ਤਥਾ - ਭੁਲਣ ਅੰਦਰ ਸਭੁ ਕੋ; ਅਭੁਲ ਗੁਰੂ ਕਰਤਾਰ ॥

(ਅੰਗ ੬੧)

ਸਤਿਗੁਰੂ ਜੀ ਦੀ ਸੰਗਤ ਦਾ ਬਖ਼ਸ਼ਿੰਦ ਬਿਰਦ ਹੈ ਜਿੱਥੇ-ਜਿੱਥੇ ਕੋਈ ਤਰੁਟੀ ਜਾਂ ਗ਼ਲਤੀ ਵੇਖੋ ਉੱਥੇ ਖਿਮਾ ਕਰਨੀ ਅਤੇ ਕਿਰਪਾ ਕਰਕੇ ਆਪਣੀ ਵਡਮੁੱਲੀ ਰਾਇ ਲਿਖ ਕਰਕੇ ਦਾਸ ਨੂੰ ਸੂਚਿਤ ਕਰਕੇ ਕ੍ਰਿਤਾਰਥ ਕਰਨਾ ਤਾਂ ਜੋ ਅਗਲੀ ਐਡੀਸ਼ਨ ਵਿਚ ਸੋਧ ਹੋ ਸਕੇ।


ਗੁਰੂ ਪੰਥ ਦਾ ਦਾਸ
ਗੁਰਵਿੰਦਰ ਸਿੰਘ (ਨੰਗਲੀ)
ਉਸਤਾਦ ਗੁਰਮਤਿ ਵਿਦਿਆਲਾ
ਚੱਬਾ, ਨੰਗਲੀ, ਮੀਰੀ ਪੀਰੀ ਅਕੈਡਮੀ ਛੇਹਰਟਾ

ਗੁਰਬਾਣੀ ਵਿੱਚ ਵਰਤੇ ਗਏ ਸੰਯੁਕਤ ਯੱਯੇ (ਕਬਜੋ) ਦੀ ਪੁਰਾਤਨ ਹੱਥ ਲਿਖਤ ਪੋਥੀਆਂ ਵਿੱਚ ਵਰਤੋਂ ਦੀਆਂ ਕੁੱਝ ਤਸਵੀਰਾਂ:-



5 ਨੰ. ਵਾਲੀ ਤਸਵੀਰ ਭਾਈ ਮਨੀ ਸਿੰਘ ਜੀ ਦੁਆਰਾ ਲਿਖੀ ਦਸਮ ਬਾਣੀ ਜੀ ਦੀ ਹੈ।
6 ਨੰ. ਵਾਲੀ ਤਸਵੀਰ ਦਮਦਮੀ ਟਕਸਾਲ ਦੁਆਰਾ ਛਪੇ ਭਾਗ ਦੀ ਹੈ।

ਪੁਰਾਤਨ ਹੱਥ-ਲਿਖਤ ਫ਼ਾਰਸੀ ਦੀਆਂ ਰਚਨਾਵਾਂ ਵਿੱਚ ਪੈਰ ਬਿੰਦੀ ਦੀ ਵਰਤੋਂ ਦੀਆਂ ਕੁਝ ਤਸਵੀਰਾਂ



ਪੁਰਾਤਨ ਹੱਥ-ਲਿਖਤ ਪੋਥੀਆਂ ਵਿੱਚ ਚਾਂਦ-ਬਿੰਦੂ ਦੀ ਵਰਤੋਂ ਦੀਆਂ ਕੁਝ ਤਸਵੀਰਾਂ

